@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਤੋਂ ਪ੍ਰਸਾਰਿਤ।

Friday, 9 February 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 9 ਫਰਵਰੀ 2024, 24 ਮਾਘ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 70, qpatrika@gmail.com ਫੋਨ : 9971359517 www.qaumipatrika.org

## ਕੇਂਦਰ ਸਰਕਾਰ ਫੈਲਾ ਰਹੀ ਦੇਸ਼ 'ਚ ਨਫਰਤ : ਰਾਹੁਲ

ਦੁਮਕਾ, 8 ਫਰਵਰੀ। ਕਾਂਗਰਸ ਦੇ ਸੀਨੀਅਰ ਨੇਤਾ ਅਤੇ ਸਾਬਕਾ ਮੁਖੀ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਚੱਲ ਰਹੀ ਕੇਂਦਰ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਕੇਂਦਰੀ ਦੀ ਮੋਦੀ ਸਰਕਾਰ ਵੱਡੇ ਪੂੰਜੀਪਤੀਆਂ ਦਾ ਕਰਜਾ ਮੁਆਫ ਕਰ ਰਹੀ ਹੈ ਪਰ ਕਿਸਾਨਾਂ ਦੇ ਛੋਟੇ ਕਰਜੇ ਨੂੰ ਮਾਫ



ਕਰਨ ਤੋਂ ਕਤਰਾ ਰਹੀ ਹੈ। ਗਾਂਧੀ ਭਾਰਤ ਨਿਆਂ ਯਾਤਰਾ ਦੇ ਕ੍ਰਮ ਵਿਚ ਝਾਰਖੰਡ ਦੌਰੇ ਦੇ ਦੂਜੇ ਦਿਨ ਦੁਮਕਾ ਜ਼ਿਲ੍ਹੇ ਦੇ ਸਰੈਯਾਹਾਟ 'ਚ ਸ਼ਨੀਵਾਰ ਨੂੰ ਆਯੋਜਿਤ ਵਿਸ਼ਾਲ ਜਨਸਮੂਹ ਨੂੰ ਸੰਬੋਧਨ ਕਰ ਰਹੇ ਸਨ। ਇਸੇ ਕ੍ਰਮ ਵਿਚ ਉਨ੍ਹਾਂ ਨੇ ਕਿਹਾ ਕਿ ਕੇਂਦਰੀ ਦੀ ਭਾਜਪਾ ਸਰਕਾਰ ਅਤੇ ਆਰ. ਐੱਸ. ਐੱਸ. ਦੇ ਲੋਕ ਦੇਸ਼ ਵਿਚ ਹਿੰਸਾ ਅਤੇ ਨਫਰਤ ਫੈਲਾ ਰਹੇ ਹਨ ਜਦ ਕਿ ਕਾਂਗਰਸ ਦੇਸ਼ ਮੁਹੱਬਤ ਦੀ ਦੁਕਾਨ ਦੇ ਮਾਧਿਅਮ ਰਾਹੀਂ ਭਰਾ ਦੇ ਭਰਾ ਨੂੰ ਦਾ ਦਿਲ ਜੋੜਨ 'ਚ ਜੁਟੀ ਹੈ। ਉਨ੍ਹਾਂ ਨੇ ਕਿਹਾ ਕਿ ਆਗਾਮੀ ਲੋਕ ਸਭਾ ਚੋਣਾਂ ਵਿਚ ਕੇਂਦਰ ਵਿਚ ਜਦੋਂ ਸਾਡੀ ਸਰਕਾਰ ਆਏਗੀ ਤਾਂ ਸਮੁੱਚੇ ਦੇਸ਼ ਵਿਚ ਜਾਤੀ ਜਨਗਣਨਾ ਨੂੰ ਲਾਗੂ ਕੀਤਾ ਜਾਏਗਾ। ਸ਼੍ਰੀ ਗਾਂਧੀ ਨੇ ਕਿਹਾ ਕਿ ਆਰ. ਐੱਸ. ਐੱਸ. ਅਤੇ ਭਾਜਪਾ ਦੇ ਲੋਕ ਦੇਸ਼ ਵਿਚ ਹਿੰਸਾ ਫੈਲਾਉਣ 'ਚ ਲੱਗੇ ਹਨ ਜਦ ਕਿ ਕਾਂਗਰਸ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਅਤੇ ਮਣੀਪੁਰ ਵਿਚ ਮਹਾਰਾਸ਼ਟਰ ਤੱਕ ਦੀ ਨਿਆਂ ਯਾਤਰਾ ਦੇ ਮਾਧਿਅਮ ਰਾਹੀਂ ਦੇਸ਼ ਵਿਚ ਪ੍ਰੇਮ ਅਤੇ ਸਦਭਾਵਨਾ ਕਾਇਮ ਕਰਨ ਦੇ ਯਤਨ 'ਚ ਲਗਾਤਾਰ ਜੁਟੀ ਹੈ। ਉਨ੍ਹਾਂ ਨੇ ਜਨ ਸਮੂਹ ਵਿਚ ਸ਼ਾਮਲ ਨੌਜਵਾਨਾਂ ਨੂੰ ਸਵਾਲੀਆ ਲਹਿਜੇ 'ਚ ਪੁੱਛਿਆ ਕਿ ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਵਿਚ ਨੌਜਵਾਨਾਂ ਨੂੰ ਰੋਜਗਾਰ ਨਹੀਂ ਮਿਲਿਆ ਹੈ। ਇਸ 'ਤੇ ਵੱਡੀ ਗਿਣਤੀ 'ਚ ਹਾਜਾਰ ਭੀੜ ਵਿਚ ਸ਼ਾਮਲ ਨੌਜਵਾਨਾਂ ਨੇ ਹੱਥ ਉਠਾ ਕੇ ਜਵਾਬ ਦਿੱਤਾ, ਨਹੀਂ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਗਲਤ ਤਰੀਕੇ ਨਾਲ ਨੋਟਬੰਦੀ ਅਤੇ ਗਲਤ ਢੰਗੇ ਨਾਲ ਜੀ. ਐੱਸ. ਟੀ. ਲਾਗੂ ਕਰ ਕੇ ਛੋਟੇ ਉੱਦਮੀਆਂ ਦਾ ਲੱਕ ਤੋੜ ਦਿੱਤਾ ਹੈ, ਜਿਸ ਕਾਰਨ ਨੌਜਵਾਨਾਂ ਨੂੰ ਰੋਜਗਾਰ ਨਹੀਂ ਮਿਲ ਰਿਹਾ ਹੈ।

## ਜਦੋਂ ਵੀ ਲੋਕਤੰਤਰ ਦੀ ਚਰਚਾ ਹੋਵੇਗੀ ਮਨਮੋਹਨ ਸਿੰਘ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ: ਮੋਦੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 8 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਰਾਜ ਸਭਾ 'ਚ ਸੇਵਾਮੁਕਤ ਹੋ ਰਹੇ ਮੈਂਬਰਾਂ ਦੀ ਵਿਦਾਇਗੀ ਭਾਸ਼ਣ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਖ਼ੂਬ ਤਾਰੀਫ ਕੀਤੀ। ਰਾਜ ਸਭਾ ਤੋਂ ਸੇਵਾਮੁਕਤ ਹੋ ਰਹੇ ਮਨਮੋਹਨ ਸਿੰਘ ਦੀ ਤਾਰੀਫ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਹ 6 ਵਾਰ ਸਦਨ ਦੇ ਮੈਂਬਰ ਰਹੇ। ਵਿਚਾਰਿਕ ਮਤਭੇਦ ਰਿਹਾ ਪਰ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜਦੋਂ ਵੀ ਲੋਕਤੰਤਰ ਦੀ ਚਰਚਾ ਹੋਵੇਗੀ ਤਾਂ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਮਨਮੋਹਨ ਸਿੰਘ ਦੀ ਸਰੀਰਕ ਬੀਮਾਰੀ ਦੇ ਬਾਵਜੂਦ ਸਦਨ ਦੀ ਕਾਰਵਾਈ 'ਚ ਸਮੂਲੀਅਤ ਯਕੀਨੀ ਬਣਾਉਣ ਲਈ ਸਲਾਘਾ ਕੀਤੀ ਅਤੇ ਉਨ੍ਹਾਂ ਦੀ ਲੰਬੀ ਉਮਰ ਦੀ ਕਾਮਨਾ ਵੀ ਕੀਤੀ। ਦੱਸ ਦੇਈਏ ਕਿ ਮਨਮੋਹਨ ਸਿੰਘ ਸਮੇਤ ਰਾਜ ਸਭਾ ਦੇ 68 ਮੈਂਬਰ ਫਰਵਰੀ ਤੋਂ ਮਈ ਮਹੀਨੇ ਦਰਮਿਆਨ ਸੇਵਾਮੁਕਤ ਹੋ ਰਹੇ ਹਨ। ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਇਸ ਮੌਕੇ ਮੈਂ ਵਿਸ਼ੇਸ਼ ਰੂਪ ਨਾਲ ਡਾ. ਮਨਮੋਹਨ ਸਿੰਘ ਨੂੰ ਯਾਦ ਕਰਨਾ ਚਾਹਾਂਗਾ।



ਉਹ 6 ਵਾਰ ਇਸ ਸਦਨ ਦੇ ਮੈਂਬਰ ਰਹੇ। ਸਦਨ ਦੇ ਨੇਤਾ ਦੇ ਰੂਪ ਵਿਚ ਅਤੇ ਵਿਰੋਧੀ ਧਿਰ ਵਿਚ ਵੀ ਨੇਤਾ ਦੇ ਰੂਪ ਵਿਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਜੋ ਮਾਣਯੋਗ ਸੰਸਦ ਮੈਂਬਰ ਜਾ ਰਹੇ ਹਨ, ਇਨ੍ਹਾਂ ਨੂੰ ਪੁਰਾਣੇ ਅਤੇ ਨਵੇਂ ਦੋਹਾਂ ਸੰਸਦ ਭਵਨਾਂ ਵਿਚ ਰਹਿਣ ਦਾ ਮੌਕਾ ਮਿਲਿਆ ਹੈ। ਇਹ ਸਾਰੇ ਆਜਾਦੀ ਦੇ ਅੰਮ੍ਰਿਤਕਾਲ ਦੀ ਅਗਵਾਈ ਦੇ ਗਵਾਹ ਬਣ ਕੇ ਜਾ ਰਹੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਸਦਨ ਵਿਚ ਆਉਣ ਵਾਲਾ ਹਰ ਮੈਂਬਰ, ਭਾਵੇਂ ਉਹ ਕਿਸੇ ਵੀ ਪਾਰਟੀ ਦਾ ਹੋਵੇ, ਨਿਸਚਿਤ ਤੌਰ 'ਤੇ ਆਪਣੇ ਕਾਰਜਕਾਲ ਦੌਰਾਨ ਆਪਣੀ ਪ੍ਰਤਿਭਾ ਅਤੇ ਵਿਵਹਾਰ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮੈਂਬਰਾਂ ਦੇ ਕਾਰਜਕਾਲ ਤੋਂ ਸਿੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮਨਮੋਹਨ ਸਿੰਘ ਦੀ ਸਦਨ ਅਤੇ ਵੱਖ-ਵੱਖ ਕਮੇਟੀਆਂ 'ਚ ਵੋਟਿੰਗ ਮੌਕੇ ਸਮੂਲੀਅਤ ਨੂੰ ਯਾਦ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਹ ਇਨ੍ਹਾਂ ਮੌਕਿਆਂ 'ਤੇ ਵੀ ਵ੍ਹੀਲਚੇਅਰ 'ਤੇ ਆਏ ਸਨ ਅਤੇ ਲੋਕਤੰਤਰ ਪ੍ਰਤੀ ਭਾਗੀਦਾਰੀ ਨੂੰ ਯਕੀਨੀ ਬਣਾਇਆ। ਦੱਸ ਦੇਈਏ ਕਿ ਮਨਮੋਹਨ ਸਿੰਘ ਦੇਸ ਦੇ 14ਵੇਂ ਪ੍ਰਧਾਨ ਮੰਤਰੀ ਸਨ। ਉਹ 2004 ਤੋਂ 2014 ਤੱਕ ਦੇਸ ਦੇ ਪ੍ਰਧਾਨ ਮੰਤਰੀ ਰਹੇ।

## ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੇ ਹਰਿਆਣਾ ਦੇ ਮਨੋਹਰ ਲਾਲ ਖੱਟੜ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ 8 ਫਰਵਰੀ। ਡੇਰਾ ਬਿਆਸ ਦੇ ਮੁਖੀ ਸੰਤ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਮੁੱਖ ਮੰਤਰੀ ਮਨੋਹਰ ਲਾਲ ਨੇ ਬਾਬਾ ਗੁਰਿੰਦਰ ਸਿੰਘ ਦਾ ਆਸ਼ੀਰਵਾਦ



ਲਿਆ। ਮੁੱਖ ਮੰਤਰੀ ਦੇ ਨਾਲ ਇਹ ਮੁਲਾਕਾਤ ਲਗਭਗ ਅੱਧੇ ਘੰਟੇ ਤਕ ਚੱਲੀ। ਇਸ ਮੁਲਾਕਾਤ ਦੌਰਾਨ ਕਈ ਅਹਿਮ ਸਮਾਜਿਗ ਮੁੱਦਿਆਂ 'ਤੇ ਚਰਚਾ ਹੋਈ। ਜਿਸ ਵਿਚ ਸਮਾਜਿਕ ਕੁਰੀਤੀਆਂ ਅਤੇ ਨਸ਼ੇ ਦੀ ਰੋਕਥਾਮ ਨੂੰ ਲੈ ਕੇ ਚਰਚਾ ਹੋਈ। ਜ਼ਿਕਰਯੋਗ ਹੈ ਕਿ ਵੱਡੀ ਗਿਣਤੀ 'ਚ ਨੌਜਵਾਨ ਨਸ਼ੇ ਦੇ ਆਦੀ ਹੋ ਰਹੇ ਹਨ। ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਕਿਵੇਂ ਰੱਖਿਆ ਜਾਵੇ ਅਤੇ ਇਨ੍ਹਾਂ ਦਾ ਰੁਝਾਨ ਸਮਾਜ ਦੀ ਭਲਾਈ ਲਈ ਕੀਤੇ ਜਾਣ ਵਾਲੇ ਕੰਮਾਂ ਵੱਲ ਕਿਵੇਂ ਮੋੜਿਆ ਜਾਵੇ, ਇਨ੍ਹਾਂ ਮੁੱਦਿਆਂ 'ਤੇ ਵਿਸਤਾਰ ਨਾਲ ਚਰਚਾ ਹੋਈ।

## ਦੋਸ਼ ਸਾਬਤ ਹੋਇਆ ਤਾਂ ਸਿਆਸਤ ਹੀ ਨਹੀਂ ਝਾਰਖੰਡ ਹੀ ਛੱਡ ਦੇਵਾਂਗਾ

ਰਾਂਚੀ 8 ਫਰਵਰੀ। ਹੇਮੰਤ ਸੋਰੇਨ ਨੇ ਕਿਹਾ ਕਿ ਮੈਂ ਹੰਝੂ ਨਹੀਂ ਕੇਰਾਂਗਾ। ਮੈਂ ਆਪਣੇ ਹੰਝੂ ਸਮੇਂ ਲਈ ਬਚਾ ਕੇ ਰੱਖਾਂਗਾ। ਜੇਕਰ ਮੇਰੇ ਖਿਲਾਫ ਦੋਸ਼ ਸਾਬਤ ਹੁੰਦੇ ਹਨ ਤਾਂ ਮੈਂ ਸਿਆਸਤ ਛੱਡ ਦੇਵਾਂਗਾ, ਨਾ ਸਿਰਫ ਸੰਨਿਆਸ ਲੈ ਲਵਾਂਗਾ ਸਗੋਂ ਝਾਰਖੰਡ ਵੀ ਛੱਡ ਦੇਵਾਂਗਾ। ਸਾਬਤ ਕਰੋ ਕਿ ਜਮੀਨ ਮੇਰੇ ਨਾਂ 'ਤੇ ਹੈ। ਹੇਮੰਤ ਸੋਰੇਨ ਮੁੱਖ ਮੰਤਰੀ ਚੰਪਈ ਸੋਰੇਨ ਦੇ ਫਲੋਰ ਟੈਸਟ ਵਿਚ ਸ਼ਾਮਲ ਹੋਣ ਲਈ ਈ. ਡੀ. ਦੀ ਹਿਰਾਸਤ 'ਚ ਵਿਧਾਨ ਸਭਾ ਪਹੁੰਚੇ। ਹੇਮੰਤ ਸੋਰੇਨ ਨੇ ਅੱਗੇ ਕਿਹਾ ਕਿ ਜੇਕਰ ਕੋਈ ਮੇਰੇ ਸਵੈ-ਮਾਣ 'ਤੇ ਬੁਰੀ ਨਜਰ ਰੱਖਦਾ ਹੈ, ਤਾਂ ਮੈਂ ਢੁਕਵਾਂ ਜਵਾਬ ਦੇਵਾਂਗਾ। ਝਾਰਖੰਡ ਵਿਧਾਨ ਸਭਾ ਦੇ ਸੋਮਵਾਰ ਨੂੰ ਵਿਸੇਸ ਸੈਸਨ ਵਿਚ ਸੀ. ਐੱਮ. ਚੰਪਈ ਸੋਰੇਨ ਨੇ ਆਸਾਨੀ ਨਾਲ ਆਪਣਾ ਬਹੁਮਤ ਸਾਬਤ ਕਰ ਦਿੱਤਾ। ਭਰੋਸੇ ਦੇ ਵੋਟ ਦੇ ਹੱਕ ਵਿਚ 47 ਵੋਟਾਂ ਪਈਆਂ ਜਦੋਂ ਕਿ ਇਸ ਦੇ ਵਿਰੋਧ ਵਿਚ ਸਿਰਫ 29 ਵੋਟਾਂ ਪਈਆਂ। ਮੁੱਖ ਮੰਤਰੀ ਚੰਪਈ ਸੋਰੇਨ ਪਹਿਲੇ ਟੈਸਟ 'ਚ ਸਫਲ ਰਹੇ ਹਨ ਅਤੇ ਹੁਣ ਉਨ੍ਹਾਂ ਨੇ ਆਉਣ ਵਾਲੇ ਬਜਟ ਸੈਸਨ ਦੀ ਤਿਆਰੀ ਸੁਰੂ ਕਰ ਦਿੱਤੀ ਹੈ। ਸਦਨ ਵਿਚ ਪਾਰਟੀ ਅਤੇ ਵਿਰੋਧੀ ਧਿਰ ਦੇ ਕੁੱਲ 77 ਵਿਧਾਇਕ ਮੌਜੂਦ ਸਨ। ਸੱਤਾਧਾਰੀ ਪਾਰਟੀ ਦੇ ਸਮਰਥਨ ਵਿਚ ਜੋ 47 ਵੋਟਾਂ ਪਈਆਂ, ਉਨ੍ਹਾਂ ਵਿਚੋਂ ਜੇ. ਐੱਮ. ਐੱਮ. 27, ਕਾਂਗਰਸ 17, ਆਰ. ਜੇ. ਡੀ. 1, ਜੇ. ਵੀ. ਐੱਮ. 1, ਸੀ. ਪੀ. ਆਈ.- ਐੱਮ. ਐੱਲ. 1 ਅਤੇ ਇਕ ਨਾਮਜਦ ਵਿਧਾਇਕ ਦੀ ਵੋਟ ਸਾਮਲ ਹੈ। ਵਿਰੋਧ 'ਚ ਜੋ 29 ਵੋਟਾਂ ਪਈਆਂ ਉਨ੍ਹਾਂ 'ਚ ਭਾਜਪਾ ਦੇ 25, ਆਜਸੂ ਪਾਰਟੀ ਦੇ 3 ਅਤੇ ਐੱਨ. ਸੀ. ਪੀ. ਦੇ ਕਮਲੇਸ ਕੁਮਾਰ ਸਿੰਘ ਦੀ ਵੋਟ ਸਾਮਲ ਹੈ।

## ਤਖ਼ਤ ਸ਼੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਐਕਟ ਨਾਲ ਛੇੜਛਾੜ ਨਿੰਦਣਯੋਗ

ਅੰਮ੍ਰਿਤਸਰ 8 ਫਰਵਰੀ। ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਗੁਰਦੁਆਰਾ ਬੋਰਡ ਵਿਚ ਸਰਕਾਰ ਵੱਲੋਂ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਗਿਣਤੀ ਘਟਾਉਣ ਦੀ ਕਾਰਵਾਈ ਦਾ ਗੰਭੀਰ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਬਹੁਤ ਹੀ ਦੁਖਦਾਈ ਅਤੇ ਨਿੰਦਣਯੋਗ ਹੈ। ਉਨ੍ਹਾਂ ਇਸ ਮਾਮਲੇ ਨੂੰ ਲੈ ਕੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ ਅਤੇ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਮੁਲਾਕਾਤ ਲਈ ਸਮਾਂ ਮੰਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਦੇ ਮੰਤਰੀ ਮੰਡਲ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਐਕਟ ਵਿਚ ਮਨਮਰਜ਼ੀ ਦੀ ਸੋਧ ਸਿੱਖ ਗੁਰਦੁਆਰਾ ਪ੍ਰਬੰਧਾਂ ਵਿਚ ਸਿੱਧੀ ਦਖਲਅੰਦਾਜ਼ੀ ਹੈ। ਉਨ੍ਹਾਂ ਕਿਹਾ ਕਿ ਨਾਂਦੇੜ ਗੁਰਦੁਆਰਾ ਬੋਰਡ ਵਿਚ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਨੁਮਾਇੰਦਗੀ ਦਾ ਮੰਤਵ ਤਖ਼ਤ ਸਾਹਿਬ, ਸਬੰਧਤ ਸਿੱਖ ਗੁਰਧਾਮਾਂ ਦੀ ਮਰਿਆਦਾ ਦੇ ਮੱਦੇਨਜ਼ਰ ਬੋਰਡ ਦੇ ਕੰਮਕਾਜ ਨੂੰ ਪਾਰਦਰਸ਼ੀ ਅਤੇ ਧਾਰਮਿਕ ਢੰਗ ਨਾਲ ਯਕੀਨੀ ਬਣਾਉਣਾ ਹੈ। ਉਨ੍ਹਾਂ ਚਿੰਤਾ ਜਾਹਿਰ ਕੀਤੀ ਕਿ ਐਕਟ ਵਿਚ ਕੋਈ ਵੀ ਵਿਗਾੜ ਇਸ ਭਾਵਨਾ ਨੂੰ ਠੇਸ ਪਹੁੰਚਾਏਗਾ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਸਰਕਾਰ ਦਾ ਗੁਰਦੁਆਰਾ ਬੋਰਡ ਵਿਚ ਸਰਕਾਰੀ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾਉਣ ਅਤੇ ਸਿੱਖ ਸੰਸਥਾਵਾਂ ਦੇ ਮੈਂਬਰਾਂ ਨੂੰ ਘਟਾਉਣ ਦਾ ਫੈਸਲਾ ਸਿੱਖ ਗੁਰਧਾਮਾਂ 'ਤੇ ਸਿੱਧਾ ਕਬਜ਼ਾ ਕਰਨ ਦੀ ਕਾਰਵਾਈ ਹੈ

## ਅਕਾਲੀ ਸਰਕਾਰ ਬਣਨ 'ਤੇ ਤਰਨਤਾਰਨ 'ਚ ਬਣਾਇਆ ਜਾਵੇਗਾ ਵਿਰਾਸਤੀ ਮਾਰਗ : ਸੁਖਬੀਰ ਬਾਦਲ

**ਤੇਜਿੰਦਰ ਕੌਰ ਬੱਬਰ**

ਤਰਨਤਾਰਨ/ਝਬਾਲ 8 ਫਰਵਰੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਤੇ ਦਿਨ 'ਪੰਜਾਬ ਬਚਾਓ ਯਾਤਰਾ' ਤਹਿਤ ਤਰਨਤਾਰਨ ਤੇ ਖਡੂਰ ਸਾਹਿਬ ਵਿਧਾਨ ਸਭਾ ਹਲਕਿਆਂ ਦਾ ਦੌਰਾ ਕੀਤਾ, ਜਿਸ ਦੌਰਾਨ ਉਨ੍ਹਾਂ ਨੂੰ ਬਹੁਤ ਭਰਵਾਂ ਹੁੰਗਾਰਾ ਮਿਲਿਆ। ਇਸ ਮੌਕੇ ਸੁਖਬੀਰ ਬਾਦਲ ਨੇ ਕਿਹਾ ਕਿ ਮੌਜੂਦਾ ਸਰਕਾਰ ਦੇ ਰਾਜ ਵਿਚ ਸਭ ਦੁਖੀ ਹਨ। ਉਨ੍ਹਾਂ ਕਿਹਾ ਕਿ ਮਜ਼ਦੂਰ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ ਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਵਾਸਤੇ ਕੁਝ ਨਹੀਂ ਕੀਤਾ ਜਾ ਰਿਹਾ। ਇਸ ਮੌਕੇ ਅਪਾਹਿਜ ਵਿਅਕਤੀਆਂ ਦੀ ਐਸੋਸੀਏਸ਼ਨ ਦੇ ਪ੍ਰਤੀਨਿਧੀ ਵੀ ਸੁਖਬੀਰ ਸਿੰਘ ਬਾਦਲ ਨੂੰ ਮਿਲੇ ਤੇ ਆਪਣੀਆਂ ਮੰਗਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਅਕਾਲੀ ਦਲ ਦੇ ਪ੍ਰਧਾਨ ਨੇ ਭਰੋਸਾ ਦਿਵਾਇਆ ਕਿ ਅਕਾਲੀ ਦਲ ਇਹ ਯਕੀਨੀ ਬਣਾਏਗਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸੋਚ ਅਨੁਸਾਰ ਸਕੀਮਾਂ ਲਾਗੂ ਕੀਤੀਆਂ ਜਾਣ। ਤਰਨਤਾਰਨ ਵਿਖੇ ਸੰਬੋਧਨ ਕਰਦਿਆਂ ਬਾਦਲ ਨੇ ਕਿਹਾ ਕਿ ਅਕਾਲੀ ਦਲ ਦੇ ਸੱਤਾ ਵਿਚ ਪਰਤਣ 'ਤੇ ਇਸ ਇਤਿਹਾਸਕ ਨਗਰੀ ਨੂੰ ਦੁਨੀਆ ਦੇ ਨਕਸ਼ੇ 'ਤੇ ਲਿਆਂਦਾ ਜਾਵੇਗਾ। ਅਸੀਂ ਪੁਰਾਤਨ ਸ਼ਹਿਰ ਦੇ ਆਲੇ-ਦੁਆਲੇ ਦੇ ਸਾਰੇ ਇਲਾਕੇ ਦਾ ਮੁੜ ਨਿਰਮਾਣ ਕਰਾਂਗੇ ਤੇ ਇਥੇ ਵੀ ਅੰਮ੍ਰਿਤਸਰ ਵਾਂਗ ਵਿਰਾਸਤੀ ਮਾਰਗ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਸਾਰੀਆਂ ਪੇਂਡੂ ਸੜਕਾਂ ਦਾ ਰੂਪ ਬਦਲਿਆ ਜਾਵੇਗਾ ਤੇ ਸਾਰੇ ਕਸਬਿਆਂ ਤੇ ਸ਼ਹਿਰਾਂ ਵਿਚ ਸੀਵਰੇਜ ਸਿਸਟਮ ਦਾ ਸੁਚੱਜੇ ਢੰਗ ਨਾਲ ਕੰਮ ਕਰਨਾ ਯਕੀਨੀ ਬਣਾਇਆ ਜਾਵੇਗਾ। ਖਡੂਰ ਸਾਹਿਬ ਵਿਖੇ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸਾਡੀ ਸਰਕਾਰ ਬਣਨ 'ਤੇ ਅਸੀਂ ਸਾਰੀ ਸਰਹੱਦੀ ਪੱਟੀ ਦੇ ਵਿਕਾਸ ਵਾਸਤੇ ਵੱਖਰੀ ਯੋਜਨਾ ਬਣਾਵਾਂਗੇ ਅਤੇ ਉਦਯੋਗਾਂ ਨੂੰ ਇਸ ਇਲਾਕੇ ਵਿਚ ਨਿਵੇਸ਼ ਕਰਨ ਦਾ ਸੱਦਾ ਦਿਆਂਗੇ। 'ਪੰਜਾਬ ਬਚਾਓ ਯਾਤਰਾ' ਦੇ ਇਸ ਪੜਾਅ ਵਿਚ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ, ਡਾ. ਦਲਜੀਤ ਸਿੰਘ ਚੀਮਾ, ਹਰਮੀਤ ਸਿੰਘ ਸੰਧੂ, ਜ਼ਿਲ੍ਹਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ, ਇਕਬਾਲ ਸਿੰਘ ਸੰਧੂ, ਰਮਨਦੀਪ ਸਿੰਘ



ਭਰੋਵਾਲ ਅਤੇ ਰਵਿੰਦਰ ਸਿੰਘ ਬ੍ਰਹਮਪੁਰਾ ਵੀ ਅਕਾਲੀ ਦਲ ਦੇ ਪ੍ਰਧਾਨ ਦੇ ਨਾਲ ਸਨ। ਇਸੇ ਤਰ੍ਹਾਂ ਕਸਬਾ ਝਬਾਲ ਤੋਂ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਦੀ ਅਗਵਾਈ ਵਿਚ 'ਪੰਜਾਬ ਬਚਾਓ ਯਾਤਰਾ' ਦੀ ਸ਼ੁਰੂਆਤ ਕੀਤੀ ਗਈ, ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਦਲਜੀਤ ਸਿੰਘ ਚੀਮਾ ਸ਼ਾਮਲ ਹੋਏ। 'ਪੰਜਾਬ ਬਚਾਓ ਯਾਤਰਾ' ਦੀ ਸ਼ੁਰੂਆਤ ਤੋਂ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ, ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅਲਵਿੰਦਰ ਪਾਲ ਸਿੰਘ ਪੱਖੋਕੇ, ਦਲਜੀਤ ਸਿੰਘ ਚੀਮਾ ਆਦਿ ਵੱਲੋਂ ਇਤਿਹਾਸਿਕ ਗੁਰਦੁਆਰਾ ਬੀਬੀ ਵੀਰੋ ਜੀ ਵਿਖੇ ਅਰਦਾਸ ਬੇਨਤੀ ਕੀਤੀ ਗਈ । ਕਾਫਲਾ ਰਵਾਨਾ ਹੋਣ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਵੱਡੀ ਗਿਣਤੀ ਵਿਚ ਇਕੱਤਰ ਅਕਾਲੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਪੰਜਾਬ ਬਚਾਓ ਯਾਤਰਾ' ਦਾ ਟੀਚਾ ਪੰਜਾਬ ਨੂੰ ਬਚਾਉਣਾ ਹੈ। ਉਨ੍ਹਾਂ ਨੇ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਕਿ ਇੱਕਮੁੱਠ ਹੋ ਕੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਆਪਣੀ ਸਰਕਾਰ ਲਿਆਂਦੀ ਜਾਵੇ

## ਪੰਜਾਬ ਸਰਕਾਰ ਦਾ ਵੱਡਾ ਐਲਾਨ, ਰਜਿਸਟਰੀਆਂ 'ਤੇ ਐੱਨ. ਓ. ਸੀ. ਵਾਲੀ ਸ਼ਰਤ ਹੋਵੇਗੀ ਖਤਮ

**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 8 ਫਰਵਰੀ। ਪੰਜਾਬ ਸਰਕਾਰ ਨੇ ਵੱਡਾ ਕਦਮ ਚੁੱਕਣ ਜਾ ਰਹੀ ਹੈ, ਜਿਸ ਦੇ



ਤਹਿਤ ਸੂਬੇ ਵਿਚ ਹੋਣ ਵਾਲੀਆਂ ਰਜਿਸਟਰੀਆਂ 'ਤੇ ਐੱਨ. ਓ. ਸੀ. ਵਾਲੀ ਸ਼ਰਤ ਹਟਾਈ ਜਾ ਸਕਦੀ ਹੈ। ਇਸ ਦਾ ਜਾਣਕਾਰੀ ਖੁਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਿੱਤੀ ਹੈ। ਆਪਣੇ ਐਕਸ ਅਕਾਊਂਟ (ਪਹਿਲਾਂ ਟਵਿੱਟਰ) 'ਤੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਵਿਚ ਹਰ ਕਿਸਮ ਦੀਆਂ ਰਜਿਸਟਰੀਆਂ 'ਤੇ ਵਾਲੀ ਸਰਤ ਖਤਮ ਹੋ ਰਹੀ ਹੈ, ਇਸ ਦੇ ਵੇਰਵੇ ਜਲਦੀ ਹੀ ਸਾਂਝੇ ਕੀਤੇ ਜਾਣਗੇ। ਇਥੇ ਇਹ ਦੱਸਣਯੋਗ ਹੈ ਕਿ ਜੇਕਰ ਪੰਜਾਬ ਵਿਚ ਰਜਿਸਟਰੀਆਂ 'ਤੇ ਐੱਨ. ਓ. ਸੀ. ਵਾਲੀ ਸ਼ਰਤ ਖਤਮ ਹੋ ਜਾਂਦੀ ਹੈ, ਤਾਂ ਇਸ ਨਾਲ ਆਮ ਜਨਤਾ ਨੂੰ ਵੱਡੀ ਰਾਹਤ ਮਿਲੇਗੀ। ਇਥੇ ਇਹ ਦੱਸਣਣਯੋਗ ਹੈ ਕਿ ਰਜਿਸਟਰੀਆਂ ਕਰਵਾਉਣ ਲਈ ਨਗਰ ਕੌਂਸਲ ਤੋਂ ਐੱਨ. ਓ. ਸੀ. ਲਾਜਮੀ ਲੈਣ ਦੀ ਹਦਾਇਤ ਤੋਂ ਬਾਅਦ ਲੋਕਾਂ ਵੱਡੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਸੀ। ਪਿਛਲੇ ਦਿਨੀਂ ਵੀ ਇੱਕ ਮਹੀਨੇ ਤੋਂ ਪੰਜਾਬ ਸਰਕਾਰ ਦੀ ਵੈਬ ਸਾਈਟ ਨਾ ਚੱਲਣ ਕਾਰਨ ਐੱਨ. ਓ. ਸੀ. ਲੈਣ ਵਾਲੇ ਸੈਂਕੜੇ ਲੋਕਾਂ ਨੂੰ ਦਫਤਰਾਂ ਦੇ ਧੱਕੇ ਖਾਣ ਲਈ ਮਜਬੂਰ ਹੋਣਾ ਪਿਆ ਸੀ। ਅਜਿਹੇ ਵਿਚ ਜੇਕਰ ਐੱਨ. ਓ. ਸੀ. ਵਾਲੀ ਸ਼ਰਤਾ ਹਟਾ ਦਿੱਤੀ ਜਾਂਦੀ ਹੈ ਤਾਂ ਇਸ ਨਾਲ ਲੋਕਾਂ ਨੂੰ ਰਾਹਤ ਮਿਲਣੀ ਸੁਭਾਵਕ ਹੈ।

## ਸ਼ਿਮਲਾ 'ਚ ਵਾਪਰੀ ਜਮੀਨ ਖਿਸਕਣ ਦੀ ਘਟਨਾ, ਦੋ ਮਜਦੂਰਾਂ ਦੀ ਮੌਤ

ਸ਼ਿਮਲਾ 8 ਫਰਵਰੀ। ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ ਦੇ ਬਾਹਰੀ ਇਲਾਕੇ ਵਿਚ ਮੰਗਲਵਾਰ ਸਵੇਰੇ ਜਮੀਨ ਖਿਸਕਣ ਦੀ ਘਟਨਾ ਵਾਪਰੀ, ਇਸ ਘਟਨਾ ਵਿਚ ਦੋ ਮਜਦੂਰਾਂ ਦੀ ਮੌਤ ਹੋ ਗਈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਜੁੰਗਾ ਰੋਡ 'ਤੇ ਅਸ਼ਵਨੀ ਖੱਡ ਕੋਲ ਜਮੀਨ ਖਿਸਕੀ, ਜਿਸ ਵਿਚ ਬਿਹਾਰ ਵਾਸੀ ਰਾਕੇਸ਼ ਅਤੇ ਰਾਜੇਸ਼ ਦੀ ਮੌਤ ਹੋ ਗਈ। ਪੁਲਸ ਮੁਤਾਬਕ ਹਾਦਸੇ ਦੇ ਸਮੇਂ ਕੁਝ ਮਜਦੂਰ ਪੱਥਰ ਕੱਟਣ ਵਾਲੀ ਮਸ਼ੀਨ ਦੇ ਨੇੜੇ ਬਣੀਆਂ ਅਸਥਾਈ ਝੌਂਪੜੀਆਂ ਵਿਚ ਸੁੱਤੇ ਹੋਏ ਸਨ। ਘਟਨਾ 'ਚ 5 ਮਜਦੂਰ ਤਾਂ ਵਾਲ-ਵਾਲ ਬਚ ਗਏ ਪਰ ਦੋ ਲੋਕ ਮਲਬੇ ਹੇਠਾਂ ਦਬੇ ਗਏ। ਸ਼ਿਮਲਾ ਦੇ ਐੱਸ. ਪੀ. ਸੰਜੀਵ ਕੁਮਾਰ ਨੇ ਦੱਸਿਆ ਕਿ ਲਾਸ਼ਾਂ ਨੂੰ ਮਲਬੇ ਹੇਠੋਂ ਕੱਢ ਲਿਆ ਗਿਆ ਹੈ ਅਤੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅੱਗੇ ਦੀ ਜਾਂਚ ਜਾਰੀ ਹੈ।


## ਪਾਵਨ ਗੁਰਧਾਮਾਂ ਦੇ ਪ੍ਰਬੰਧਾਂ 'ਚ ਸਰਕਾਰੀ ਦਖਲ ਨੂੰ ਬਰਦਾਸਤ ਨਹੀਂ ਕੀਤਾ ਜਾਵੇਗਾ : ਗਿਆਨੀ ਰਘਬੀਰ ਸਿੰਘ

ਅੰਮ੍ਰਿਤਸਰ 8 ਫਰਵਰੀ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਮਹਾਂਰਾਸਟਰ ਸਰਕਾਰ ਵਲੋਂ ਤਖਤ ਸੱਚਖੰਡ ਸ੍ਰੀ ਅਬਿਚਲ ਨਗਰ, ਹਜੂਰ ਸਾਹਿਬ ਨਾਂਦੇੜ ਪ੍ਰਬੰਧਕੀ ਬੋਰਡ ਦੇ ਐਕਟ ਵਿਚ ਮਨਮਰਜੀ ਨਾਲ ਸੋਧ ਕਰਕੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਾਮਜਦ ਮੈਂਬਰਾਂ ਦੀ ਗਿਣਤੀ ਘਟਾ ਕੇ ਸਰਕਾਰ ਵਲੋਂ ਨਾਮਜਦ ਮੈਂਬਰਾਂ ਦੀ ਗਿਣਤੀ ਵਧਾਉਣ ਦੀ ਕਾਰਵਾਈ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਹ ਸਿੱਖਾਂ ਦੇ ਧਰਮ ਵਿਚ ਸਿੱਧੀ ਦਖਲ ਅੰਦਾਜੀ ਹੈ, ਜਿਸ ਨੂੰ ਕਦੇ ਵੀ ਬਰਦਾਸਤ ਨਹੀਂ ਕੀਤਾ ਜਾਵੇਗਾ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਿੱਖ ਪੰਥ ਆਪਣੇ ਪਾਵਨ ਗੁਰਧਾਮਾਂ ਦੇ ਪ੍ਰਬੰਧਾਂ ਵਿਚ ਸਰਕਾਰੀ ਦਖਲ ਨੂੰ ਕਿਸੇ ਵੀ ਕੀਮਤ 'ਤੇ ਬਰਦਾਸਤ ਨਹੀਂ ਕਰ ਸਕਦਾ ਹੈ। ਉਨ੍ਹਾਂ ਸ੍ਰੋਮਣੀ ਕਮੇਟੀ ਨੂੰ ਆਦੇਸ ਕੀਤਾ ਹੈ ਕਿ ਉਹ ਸਿੱਖਾਂ ਦੇ ਪਾਵਨ ਤਖਤ ਸੱਚਖੰਡ ਸ੍ਰੀ ਅਬਿਚਲ ਨਗਰ, ਹਜੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਐਕਟ ਵਿਚ ਮਨਮਰਜੀ ਨਾਲ ਤਬਦੀਲੀ ਕਰਨ ਦੇ ਮਾਮਲੇ 'ਤੇ ਮਹਾਂਰਾਸਟਰ ਸਰਕਾਰ ਨਾਲ ਗੱਲਬਾਤ ਕਰਕੇ ਉਸ ਤੋਂ ਸਿੱਖ ਵਿਰੋਧੀ ਫੈਸਲਾ ਜਲਦ ਵਾਪਸ ਕਰਵਾਵੇ।




# ਬਾਰਿਸ਼ ਨੂੰ ਝੱਲਣ ਤੋਂ ਅਸਮਰੱਥ 'ਪਾਵਰ ਸਿਸਟਮ' 10 ਹਜਾਰ ਤੋਂ ਵੱਧ ਸ਼ਿਕਾਇਤਾਂ ਨਾਲ ਹਾਲ ਬੇਹਾਲ

ਜਲੰਧਰ 8 ਫਰਵਰੀ। ਪਿਛਲੇ ਕੁਝ ਦਿਨਾਂ ਤੋਂ ਪੈ ਰਹੀ ਬਾਰਿਸ਼ ਕਾਰਨ ਪਾਵਰਕਾਮ ਦੇ ਨਾਰਥ ਜੋਨ 'ਚ ਬਿਜਲੀ ਦੇ ਫਾਲਟ ਪੈਣ ਦਾ ਅੰਕੜਾ 10 ਹਜਾਰ ਤੋਂ ਉਪਰ ਪਹੁੰਚ ਗਿਆ ਹੈ। ਇਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਪਾਵਰਕਾਮ ਦਾ ਸਿਸਟਮ ਬਾਰਿਸ਼ ਨੂੰ ਝੱਲਣ 'ਚ ਅਸਮਰੱਥ ਹੈ। ਬਾਰਿਸ਼ ਕਾਰਨ ਬਿਜਲੀ ਦੇ ਫਾਲਟ ਕਾਫੀ ਵੱਧ ਜਾਂਦੇ ਹਨ, ਜੋਕਿ ਖਪਤਕਾਰਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣਦੇ ਹਨ। ਸਿਸਟਮ 'ਤੇ ਕਰੋੜਾਂ ਰੁਪਏ ਖਰਚਣ ਦੀ ਗੱਲ ਕਰਦੇ ਹੋਏ ਵਿਭਾਗੀ ਅਧਿਕਾਰੀ ਨਿਰਵਿਘਨ ਸਪਲਾਈ ਦੇ ਵੱਡੇ-ਵੱਡੇ ਦਾਅਵੇ ਕਰਦੇ ਹਨ ਪਰ ਬਾਰਿਸ਼ ਤੇ ਹਨੇਰੀ ਦੌਰਾਨ ਵਿਭਾਗੀ ਸਿਸਟਮ ਫੇਲ ਹੋ ਜਾਂਦਾ ਹੈ। ਪਿਛਲੇ ਦਿਨੀ ਹਨੇਰੀ ਤੇ ਭਾਰੀ ਬਰਸਾਤ ਕਾਰਨ ਫਾਲਟ ਪੈਣ ਦਾ ਸਿਲਸਿਲਾ ਸ਼ੁਰੂ ਹੋਇਆ, ਜੋ ਅਜੇ ਵੀ ਬੇਰੋਕ ਜਾਰੀ ਹੈ। ਇਸ ਕਾਰਨ ਨਾਰਥ ਜੋਨ 'ਚ ਫਾਲਟ ਦੀ ਦੀ ਸੰਖਿਆ 10,200 ਤੋਂ ਉਪਰ ਪਹੁੰਚ ਗਈ ਹੈ, ਜਿਸ ਕਾਰਨ ਖਪਤਕਾਰ ਵਿਭਾਗੀ ਸਿਸਟਮ ਦੀ ਆਲੋਚਨਾ ਕਰਦੇ ਨਜਰ ਆ ਰਹੇ ਹਨ। ਅੱਜ ਸਵੇਰ ਤੋਂ ਹੋਈ ਹਲਕੀ ਬਾਰਿਸ਼ ਕਾਰਨ ਵੱਖ-ਵੱਖ ਇਲਾਕਿਆਂ 'ਚ ਬਿਜਲੀ ਬੰਦ ਰਹਿਣ ਕਾਰਨ ਖਪਤਕਾਰਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਗਿਆ। ਇਸ ਕਾਰਨ ਜਲੰਧਰ ਸਰਕਲ ਅਧੀਨ 1500 ਤੋਂ ਵੱਧ ਫਾਲਟ ਸਬੰਧੀ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਸ ਕਾਰਨ ਲੋਕਾਂ ਦਾ ਹਾਲ ਬੇਹਾਲ ਹੈ। ਸਮੱਸਿਆ ਦਾ ਮੁੱਖ ਕਾਰਨ ਇਹ ਸੀ ਕਿ ਕਈ ਇਲਾਕਿਆਂ 'ਚ ਬਿਜਲੀ ਗੁੱਲ ਹੋਣ ਕਾਰਨ ਪਾਣੀ ਸਬੰਧੀ ਵੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਮਕਸੂਦਾਂ ਤੇ ਮਾਡਲ ਟਾਊਨ ਡਵੀਜਨਾਂ



ਅਧੀਨ ਆਉਂਦੇ ਵੱਖ-ਵੱਖ ਖੇਤਰਾਂ ਦੇ ਖਪਤਕਾਰਾਂ ਨੇ ਦੱਸਿਆ ਕਿ ਜਦੋਂ ਤੱਕ ਲਾਈਟ ਚਾਲੂ ਹੋਈ ਉਦੋਂ ਤੱਕ ਪਾਣੀ ਜਾ ਚੁੱਕਾ ਸੀ। ਉੱਥੇ ਹੀ ਕਈ ਇਲਾਕਿਆਂ 'ਚ ਰਾਤ 10 ਵਜੇ ਬਿਜਲੀ ਕਰਮਚਾਰੀ ਆਰਜੀ ਲਾਈਟਾਂ ਦੀ ਮਦਦ ਨਾਲ ਫਾਲਟ ਠੀਕ ਕਰਦੇ ਦੇਖੇ ਗਏ। ਖਪਤਕਾਰ ਮੌਕੇ 'ਤੇ ਬਿਜਲੀ ਕਰਮਚਾਰੀਆਂ ਦੀ ਮਦਦ ਕਰਦੇ ਵੇਖੇ ਗਏ ਅਤੇ ਲੋਕ ਪੌੜੀਆਂ ਆਦਿ ਦਾ ਪ੍ਰਬੰਧ ਕਰਨ ਨੂੰ ਲੈ ਕੇ ਪ੍ਰੇਸ਼ਾਨ ਹੁੰਦੇ ਵੇਖੇ ਗਏ। ਸ਼ਹਿਰ ਦੇ ਕਈ ਮੁਹੱਲਿਆਂ 'ਚ ਹਾਲਾਤ ਅਜਿਹੇ ਸਨ ਕਿ ਜੇਕਰ ਦੁਪਹਿਰ 12 ਵਜੇ ਤੋਂ ਪਹਿਲਾਂ ਗੁੱਲ ਬਿਜਲੀ ਰਾਤ ਤੱਕ ਵਾਪਸ ਨਾ ਆਈ ਤਾਂ ਕਈ ਇਲਾਕਿਆਂ 'ਚ 8 ਘੰਟੇ ਤੱਕ ਬਿਜਲੀ ਸਪਲਾਈ ਠੱਪ ਰਹੀ। ਇਸ ਕਾਰਨ ਸਟਰੀਟ ਲਾਈਟਾਂ ਵੀ ਜਗ ਨਹੀਂ ਸਕੀਆਂ ਤੇ ਪੈਦਲ ਚੱਲਣ ਵਾਲਿਆਂ ਨੂੰ ਆਉਣ-ਜਾਣ ਸਮੇਂ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਸਭ ਤੋਂ ਵੱਧ ਸ਼ਿਕਾਇਤਾਂ ਵੈਸਟ ਤੇ ਮਾਡਲ ਟਾਊਨ ਡਿਵੀਜ਼ਨ ਦੇ ਇਲਾਕਿਆਂ 'ਚ ਸੁਣੀਆਂ ਗਈਆਂ। ਇਸ ਦੇ ਨਾਲ ਹੀ ਕੈਂਟ ਡਵੀਜਨ ਅਧੀਨ ਆਉਂਦੇ ਕੁਝ ਪੇਂਡੂ ਖੇਤਰਾਂ ਤੇ ਯੂਨੀਵਰਸਿਟੀ ਰੋਡ 'ਤੇ ਤਾਰਾਂ 'ਚ ਨੁਕਸ ਪੈਣ ਕਾਰਨ ਕਈ ਘੰਟੇ ਸਪਲਾਈ ਚਾਲੂ ਨਹੀਂ ਹੋ ਸਕੀ। ਇਸ ਦੇ ਨਾਲ ਹੀ ਲੰਮਾਂ ਪਿੰਡ ਚੌਂਕ ਵਾਲੀ ਸੜਕ 'ਤੇ ਫਾਲਟ ਪੈਣ ਕਾਰਨ ਕਾਫੀ ਦੇਰ ਤੱਕ ਬਿਜਲੀ ਬੰਦ ਰਹੀ। ਆਮ ਤੌਰ 'ਤੇ ਵੇਖਿਆ ਗਿਆ ਹੈ ਕਿ ਫਾਲਟ ਪੈਣ ਤੋਂ ਬਾਅਦ ਕਰਮਚਾਰੀ ਦੇਰੀ ਨਾਲ ਮੌਕੇ 'ਤੇ ਪਹੁੰਚ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਕਈ ਵਾਰ ਤਾਂ ਘੰਟਿਆਂਬੱਧੀ ਕੋਈ ਮੁਲਾਜਮ ਨਹੀਂ ਮਿਲਦਾ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਟਾਫ ਦੀ ਘਾਟ ਹੈ, ਜਿਸ ਕਾਰਨ ਦੇਰੀ ਹੋ ਰਹੀ ਹੈ ਪਰ ਖਪਤਕਾਰਾਂ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਹੈ। ਉਹ ਨਿਰਵਿਘਨ ਸਪਲਾਈ ਚਾਹੁੰਦੇ ਹਨ। ਲੋਕਾਂ ਦਾ ਕਹਿਣਾ ਹੈ ਕਿ ਫਾਲਟ ਨੂੰ ਠੀਕ ਕਰਨ ਲਈ ਮੁਲਾਜਮ ਤੁਰੰਤ ਪ੍ਰਭਾਵ ਨਾਲ ਮੌਕੇ 'ਤੇ ਪੁੱਜਣ। ਚੋਣਾਂ ਸਿਰ 'ਤੇ ਹਨ ਅਤੇ ਅਜਿਹੇ 'ਚ ਬਿਜਲੀ ਦੀ ਖਰਾਬੀ ਸਮੇਂ 'ਤੇ ਠੀਕ ਨਾ ਹੋਣ ਨਾਲ ਸੱਤਾਧਾਰੀ ਆਗੂਆਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ। ਨਾਂ ਨਾ ਛਾਪਣ 'ਤੇ ਅਧਿਕਾਰੀ ਕਹਿੰਦੇ ਹਨ ਕਿ ਵੋਟਾਂ ਦੇ ਚੱਕਰ 'ਚ ਜਲੰਧਰ 'ਚ ਤਾਇਨਾਤ ਦੂਜੇ ਸ਼ਹਿਰਾਂ ਦੇ ਫੀਲਡ ਸਟਾਫ ਦੇ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਤਬਾਦਲੇ ਕਰ ਦਿੱਤੇ ਗਏ ਹਨ, ਜਿਸ ਕਾਰਨ ਜਲੰਧਰ 'ਚ ਫੀਲਡ ਸਟਾਫ ਬਹੁਤ ਘੱਟ ਹੈ। ਇਸ ਸਬੰਧੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਟਾਫ ਦੀ ਘਾਟ ਕਾਰਨ ਉਹ ਖੁਦ ਬੇਵੱਸ ਮਹਿਸੂਸ ਕਰ ਰਹੇ ਹਨ। ਇਸ ਦੇ ਨਾਲ ਹੀ ਆਉਣ ਵਾਲੇ ਦਿਨਾਂ 'ਚ ਇਹ ਸਮੱਸਿਆ ਹੋਰ ਵਧ ਸਕਦੀ ਹੈ, ਜੇਕਰ ਬਾਰਿਸ਼ ਜਾਰੀ ਰਹੀ ਤਾਂ ਫਾਲਟਾਂ ਦੀ ਗਿਣਤੀ ਹੋਰ ਵਧ ਜਾਵੇਗੀ, ਜਿਸ ਕਾਰਨ ਅਧਿਕਾਰੀਆਂ ਨੂੰ ਲੋਕਾਂ ਦੇ ਫਾਲਟ ਦੂਰ ਕਰਨ ਲਈ ਸਖਤ ਮਿਹਨਤ ਕਰਨੀ ਪਵੇਗੀ। ਉੱਥੇ ਹੀ ਵੱਖ-ਵੱਖ ਇਲਾਕਿਆਂ ਦੇ ਲੋਕਾਂ ਦਾ ਕਹਿਣਾ ਹੈ ਕਿ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਮੁਲਾਜਮ ਘੰਟਿਆਂਬੱਧੀ ਮੌਕੇ 'ਤੇ ਨਹੀਂ ਪਹੁੰਚਦੇ, ਜਿਸ ਕਾਰਨ ਸਮੇਂ ਸਿਰ ਸਮੱਸਿਆ ਦਾ ਹੱਲ ਨਹੀਂ ਹੁੰਦਾ। ਕਈ ਥਾਵਾਂ 'ਤੇ ਲਾਈਨ 'ਚ ਫਾਲਟ ਦੇਖਣ 'ਤੇ ਪਤਾ ਲੱਗਾ ਕਿ ਤਾਰਾਂ 'ਚ ਨੁਕਸ ਹੈ। ਇਸ ਤੋਂ ਬਾਅਦ ਮੁਲਾਜਮ ਤਾਰਾਂ ਲੈਣ ਚਲੇ ਗਏ ਤੇ ਕਾਫੀ ਦੇਰ ਬਾਅਦ ਵਾਪਸ ਪਰਤੇ।

## 7 ਸਾਲਾ ਬੱਚੀ ਨਾਲ ਮੰਦਰ 'ਚ ਜਬਰ ਜਿਨਾਹ, ਸੁਪਰੀਮ ਕੋਰਟ ਨੇ ਦੋਸ਼ੀ ਨੂੰ ਸੁਣਾਈ ਇਹ ਸਜਾ

ਨਵੀਂ ਦਿੱਲੀ 8 ਫਰਵਰੀ। ਸੁਪਰੀਮ ਕੋਰਟ ਨੇ ਮੱਧ ਪ੍ਰਦੇਸ਼ ਦੇ ਇਕ ਮੰਦਰ 'ਚ 7 ਸਾਲਾ ਬੱਚੀ ਨਾਲ ਜਬਰ ਜਿਨਾਹ ਕਰਨ ਦੇ ਦੋਸ਼ੀ ਦੀ ਦੋਸ਼ਸਿੱਧੀ ਬਰਕਰਾਰ ਰੱਖਦੇ ਹੋਏ ਉਸ ਨੂੰ 30 ਸਾਲ ਕੈਦ ਦੀ ਸਜਾ ਸੁਣਾਈ ਅਤੇ ਉਸ ਦੇ ਜੁਰਮ ਨੂੰ 'ਬੇਰਹਿਮ' ਕਰਾਰ ਦਿੱਤਾ। ਮੰਦਰ 'ਚ ਜਬਰ ਜਿਨਾਹ ਦੀ ਇਹ ਘਟਨਾ 2018 'ਚ ਹੋਈ ਸੀ। ਪੀੜਤ ਬੱਚੀ ਦੀ ਰਿਸ਼ਤੇਦਾਰ ਨੇ ਨਾਬਾਲਗ ਨੂੰ ਅਗਵਾ ਕਰ ਕੇ ਉਸ ਨਾਲ ਜਬਰ ਜਿਨਾਹ ਕਰਨ ਦੇ ਮਾਮਲੇ 'ਚ ਦੋਸ਼ੀ ਖਿਲਾਫ ਐੱਫ.ਆਈ.ਆਰ. ਦਰਜ ਕਰਵਾਈ ਸੀ। ਇਹ ਅਪਰਾਧ ਕੀਤੇ ਜਾਣ ਦੇ ਸਮੇਂ ਦੋਸ਼ੀ ਦੀ ਉਮਰ 40 ਸਾਲ ਸੀ। ਦੋਸ਼ੀ ਬੱਚੀ ਨੂੰ ਇਕ ਮੰਦਰ 'ਚ ਲੈ ਗਿਆ ਸੀ, ਜਿੱਥੇ ਉਸ ਨੇ ਇਸ ਅਪਰਾਧ ਨੂੰ ਅੰਜਾਮ ਦਿੱਤਾ। ਆਰੋਪੀ ਦੇ ਦੋਸ਼ੀ ਪਾਏ ਜਾਣ ਤੋਂ ਬਾਅਦ ਹੇਠਲੀ ਅਦਾਲਤ ਨੇ ਉਸ ਨੂੰ ਭਾਰਤੀ ਦੰਡਾਵਲੀ ਦੀ ਧਾਰਾ 376ਬੀ (12 ਸਾਲ ਤੋਂ ਘੱਟ ਉਮਰ ਦੀ ਬੱਚੀ ਨਾਲ ਜਬਰ ਜਿਨਾਹ) ਦੇ ਅਧੀਨ ਮੌਤ ਦੀ ਸਜਾ ਸੁਣਾਈ ਸੀ ਪਰ ਮੱਧ ਪ੍ਰਦੇਸ਼ ਹਾਈ ਕੋਰਟ ਨੇ ਦੋਸ਼ੀ ਦੀ ਸਜਾ ਨੂੰ ਉਮਰ ਕੈਦ 'ਚ ਬਦਲ ਦਿੱਤਾ ਸੀ। ਸੁਪਰੀਮ ਕੋਟਰ ਦੇ ਜੱਜ ਸੀ.ਟੀ. ਰਵੀਕੁਮਾਰ ਅਤੇ ਜੱਜ ਰਾਜੇਸ਼ ਬਿੰਦਲ ਦੀ ਬੈਂਚ ਨੇ ਪਟੀਸ਼ਨਕਰਤਾ ਦੀ ਮੌਜੂਦਾ ਉਮਰ ਅਤੇ ਪਹਿਲੇ ਤੋਂ ਹੀ ਜੇਲ੍ਹ 'ਚ ਰਹਿਣ ਦੀ ਗੱਲ ਨੂੰ ਨੋਟਿਸ 'ਚ ਲਿਆ। ਅਦਾਲਤ ਨੇ ਉਸ ਦੀ ਸਜਾ 'ਚ ਤਬਦੀਲੀ ਕਰਦੇ ਹੋਏ ਦੋਸ਼ੀ 'ਤੇ ਇਕ ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ। ਬੈਂਚ ਨੇ ਕਿਹਾ ਕਿ ਕਿਸੇ ਵੀ ਮੰਦਰ 'ਚ ਜਾਣ ਨਾਲ ਪੀੜਤਾ ਨੂੰ ਇਸ ਮੰਦਭਾਗੀ, ਬੇਰਹਿਮ ਘਟਨਾ ਦੀ ਬੁਰੀ ਯਾਦ ਪਰੇਸ਼ਾਨ ਕਰ ਸਕਦੀ ਹੈ ਅਤੇ ਉਸ ਦੇ ਵਿਆਹੁਤਾ ਜੀਵਨ 'ਤੇ ਪ੍ਰਤੀਕੂਲ ਪ੍ਰਭਾਵ ਪਾ ਸਕਦੀ ਹੈ।

## ਨਾਬਾਲਿਗ ਕੁੜੀ ਦੇ ਵਿਆਹ ਮਾਮਲੇ 'ਚ 5 ਮੈਂਬਰ ਨਾਮਜਦ, ਪੁਲਸ ਕਾਰਵਾਈ 'ਤੇ ਉੱਠੇ ਕਈ ਸਵਾਲ

ਤਰਨਤਾਰਨ 8 ਫਰਵਰੀ। ਨਾਬਾਲਿਗ ਕੁੜੀ ਦਾ ਵਿਆਹ ਕਰਨ ਦੇ ਮਾਮਲੇ 'ਚ ਥਾਣਾ ਵੈਰੋਵਾਲ ਦੀ ਪੁਲਸ ਨੇ ਪੀੜਤ ਕੁੜੀ ਦੇ ਬਿਆਨਾਂ 'ਤੇ ਉਸ ਦੇ ਮਾਤਾ-ਪਿਤਾ, ਪਤੀ, ਸੱਸ, ਸਹੁਰਾ ਖਿਲਾਫ ਚਾਈਲਡ ਮੈਰਿਜ ਐਕਟ ਦੀ ਧਾਰਾ ਹੇਠ ਮਾਮਲਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਸ ਮਾਮਲੇ 'ਚ ਪੀੜਤ ਕੁੜੀ ਨੇ ਕੋਈ ਵੀ ਦਰਖਾਸਤ ਦੇਣ ਤੋਂ ਜਿੱਥੇ ਇਨਕਾਰ ਕੀਤਾ ਹੈ, ਉਥੇ ਹੀ ਇਸ ਮਾਮਲੇ ਦੀ ਜਾਂਚ ਕਰ ਰਹੀ ਮਹਿਲਾ ਸਬ-ਇੰਸਪੈਕਟਰ ਵੱਲੋਂ ਕੋਈ ਵੀ ਜਾਣਕਾਰੀ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਜਿਲ੍ਹੇ ਦੀ ਨਿਵਾਸੀ ਇਕ ਨਾਬਾਲਿਗ ਕੁੜੀ, ਜਿਸ ਦੀ ਉਮਰ ਕਰੀਬ 17 ਸਾਲ




ਦੱਸੀ ਜਾ ਰਹੀ ਹੈ, ਦਾ ਵਿਆਹ 5 ਨਵੰਬਰ 2023 ਨੂੰ ਉਸਦੇ ਮਾਪਿਆਂ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਨਾਲ ਸਬੰਧਿਤ ਇਕ ਮੁੰਡੇ ਨਾਲ ਕਰ ਦਿੱਤਾ ਗਿਆ ਸੀ, ਜਿਸ ਕਾਰਨ ਹੁਣ ਉਕਤ ਨਾਬਾਲਿਗ ਕੁੜੀ ਤਿੰਨ ਮਹੀਨਿਆਂ ਦੀ ਗਰਭਵਤੀ ਵੀ ਹੋ ਚੁੱਕੀ ਹੈ। ਇਸ ਮਾਮਲੇ 'ਚ ਥਾਣਾ ਵੈਰੋਵਾਲ ਦੀ ਪੁਲਸ ਨੇ ਨਾਬਾਲਿਗ ਕੁੜੀ ਦੇ ਬਿਆਨਾਂ ਹੇਠ ਉਸਦੀ ਮਾਂ, ਪਿਓ, ਪਤੀ, ਸੱਸ ਅਤੇ ਸਹੁਰੇ ਨੂੰ ਨਾਮਜਦ ਕਰਦੇ ਹੋਏ ਮਾਮਲਾ ਦਰਜ ਕਰ ਲਿਆ ਹੈ। ਜਦੋਂ ਇਸ ਸਬੰਧੀ ਪੀੜਤ ਕੁੜੀ ਨਾਲ ਗੱਲਬਾਤ ਕੀਤੀ ਗਈ ਤਾਂ ਉਸਨੇ ਦੱਸਿਆ ਕਿ ਉਸ ਵੱਲੋਂ ਪੁਲਸ ਨੂੰ ਕੋਈ ਵੀ ਸ਼ਿਕਾਇਤ ਦਰਜ ਨਹੀਂ ਕਰਵਾਈ ਗਈ ਹੈ। ਉਸ ਨੇ ਦੱਸਿਆ ਕਿ ਉਹ ਆਪਣੇ ਸਹੁਰੇ ਪਰਿਵਾਰ ਵਿਚ ਖੁਸ਼ੀ ਨਾਲ ਰਹਿ ਰਹੀ ਹੈ।

## ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ

ਜਲੰਧਰ 8 ਫਰਵਰੀ। ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਅੱਜ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ ਪੁਰਬ 24 ਫਰਵਰੀ ਨੂੰ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਸਮਾਗਮ ਦੀਆਂ ਤਿਆਰੀਆਂ ਸਬੰਧੀ ਜ਼ਿਲ੍ਹਾ ਪ੍ਰਸਾਸਨ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਸਮਾਗਮ ਨੂੰ ਪੂਰੀ ਸਰਧਾ ਅਤੇ ਧੂਮਧਾਮ ਨਾਲ ਮਨਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਕੈਬਨਿਟ ਮੰਤਰੀ ਜਿਨ੍ਹਾਂ ਨਾਲ ਡਿਪਟੀ ਕਮਿਸਨਰ ਵਿਸੇਸ ਸਾਰੰਗਲ, ਕਮਿਸਨਰ ਨਗਰ ਨਿਗਮ ਗੌਤਮ ਜੈਨ, ਵਧੀਕ ਡਿਪਟੀ



ਕਮਿਸਨਰ ਜਸਬੀਰ ਸਿੰਘ, ਵਧੀਕ ਕਮਿਸਨਰ ਨਗਰ ਨਿਗਮ ਅਮਰਜੀਤ ਬੈਂਸ ਮੰਤਰੀ ਵੀ ਮੌਜੂਦ ਸਨ, ਨੇ ਕਿਹਾ ਕਿ ਸਹਿਰ ਦੀ ਸਫਾਈ ਵੱਲ ਵਿਸੇਸ ਧਿਆਨ ਦਿੱਤਾ ਜਾਵੇ ਤਾਂ ਜੋ ਸਰਧਾਲੂਆਂ ਨੂੰ ਸਮਾਗਮ ਦੌਰਾਨ ਕਿਸੇ ਵੀ ਤਰ੍ਹਾਂ ਦੀ ਕੋਈ ਦਿੱਕਤ ਪੇਸ਼ ਨਾ ਆਵੇ। ਮੰਤਰੀ ਨੇ ਇਹ ਵੀ ਕਿਹਾ ਕਿ ਅਧਿਕਾਰੀਆਂ ਵੱਲੋਂ ਸਮੁੱਚੇ ਲੋੜੀਂਦੇ ਪ੍ਰਬੰਧ ਤਰਜੀਹ ਦੇ ਆਧਾਰ 'ਤੇ ਯਕੀਨੀ ਬਣਾਏ ਜਾਣ। ਉਨ੍ਹਾਂ ਹਰੇਕ ਸਬੰਧਤ ਅਧਿਕਾਰੀ ਨੂੰ ਕਿਹਾ ਕਿ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਦੇ ਸਟਾਫ ਵੱਲੋਂ ਪੂਰੀ ਤਨਦੇਹੀ ਨਾਲ ਡਿਊਟੀ ਨਿਭਾਈ ਜਾਵੇ ਤਾਂ ਜੋ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਕੈਬਨਿਟ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਫਲਸਫੇ, ਸਿੱਖਿਆਵਾਂ ਅਤੇ ਉਪਦੇਸ਼ਾਂ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਇਸ ਮਹੱਤਵਪੂਰਣ ਦਿਵਸ ਨੂੰ ਪੂਰੀ ਸ਼ਰਧਾ ਨਾਲ ਮਨਾਇਆ ਜਾਵੇਗਾ।

## ਬਰਖਾਸਤ ਪੁਲਸ ਅਫਸਰ ਰਾਜਜੀਤ ਸਿੰਘ 'ਤੇ ਵੱਡੀ ਕਾਰਵਾਈ, ਮੁੜ ਜਾਰੀ ਹੋਇਆ ਲੁੱਕ ਆਊਟ ਨੋਟਿਸ

ਚੰਡੀਗੜ੍ਹ 8 ਫਰਵਰੀ। ਡਰੱਗਜ ਕੇਸ 'ਚ ਬਰਖਾਸਤ ਪੁਲਸ ਅਫਸਰ ਰਾਜਜੀਤ ਸਿੰਘ ਦੇ ਵਿਦੇਸ਼ ਭੱਜਣ ਦਾ ਖਦਸ਼ਾ ਹੈ। ਜਿਸ ਦੇ ਚੱਲਦੇ ਇਕ ਵਾਰ ਫਿਰ ਉਸ ਦੇ ਖਿਲਾਫ ਲੁੱਕ ਆਊਟ ਨੋਟਿਸ ਜਾਰੀ ਕੀਤਾ ਗਿਆ ਹੈ। ਰਾਜਜੀਤ ਸਿੰਘ ਅਕਤੂਬਰ 2023 ਤੋਂ ਫਰਾਰ ਹੈ। ਰਾਜਜੀਤ ਦੇ ਵਿਦੇਸ਼ ਭੱਜਣ ਦੀ ਇਨਪੁਟ ਪੰਜਾਬ ਇੰਟੈਲੀਜੈਂਸ ਨੇ ਦਿੱਤੀ ਹੈ। ਹੁਣ ਪੰਜਾਬ ਪੁਲਸ ਨੇ ਇਸ ਲਈ ਐੱਨ. ਆਈ. ਏ. ਦਾ ਸਹਿਯੋਗ ਮੰਗਿਆ ਹੈ। ਉਥੇ ਹੀ ਇੰਟੈਲੀਜੈਂਸ ਨੇ ਇਨਪੁਟ ਨੂੰ ਪੁਖਤਾ ਕਰਨ ਲਈ ਪੰਜਾਬ ਪੁਲਸ ਨੇ ਰਾਜਜੀਤ ਦੇ ਖਿਲਾਫ ਫਿਰ ਤੋਂ ਦੇਸ਼ ਭਰ ਵਿਚ ਇੰਟਰਨੈਸ਼ਨਲ ਏਅਰਪੋਰਟ 'ਚ ਲੁੱਕਆਊਟ ਨੋਟਿਸ ਜਾਰੀ ਕੀਤਾ ਹੈ। ਏਅਰਪੋਰਟਾਂ 'ਤੇ ਰਾਜਜੀਤ ਦੇ ਜਾਂਚ ਕੀਤੀ ਜਾਵੇਗੀ ਕਿ ਉਹ ਕਿਸ ਦੇਸ਼ ਵਿਚ ਗਿਆ ਹੈ। ਡਰੱਗ ਤੇ ਆਮਦਨ ਤੋਂ ਵੱਧ ਜਾਇਦਾਦ ਦੀ ਜਾਂਚ ਕਰ ਰਹੇ ਅਧਿਕਾਰੀਆਂ ਨੇ ਵੀ ਰਾਜਜੀਤ ਦੇ ਵਿਦੇਸ਼ ਭੱਜਣ ਦੇ ਸੰਕੇਤ ਦਿੱਤੇ ਹਨ। ਸਭ ਤੋਂ ਪਹਿਲਾਂ ਪੰਜਾਬ ਪੁਲਸ ਦੀ ਟੀਮ ਨੇਪਾਲ, ਮਹਾਰਾਸ਼ਟਰ ਸਮੇਤ ਹੋਰ ਏਅਰਪੋਰਟਾਂ ਤੋਂ ਜਾਣਕਾਰੀ ਲੈ ਰਹੀ ਹੈ। ਉਸ ਦੇ ਨੇਪਾਲ ਤੋਂ ਹੁੰਦੇ ਹੋਏ ਵਿਦੇਸ਼ ਭੱਜਣ ਦੇ ਇਨਪੁਟ ਮਿਲੇ ਹਨ। ਰਾਜਜੀਤ ਦੇ ਵਿਦੇਸ਼ਾਂ ਵਿਚ ਰਹਿ ਰਹੇ ਕਰੀਬੀ ਵੀ ਰਡਾਰ 'ਤੇ ਹਨ। ਜਾਂਚ ਏਜੰਸੀਆਂ ਨੇ ਇਨ੍ਹਾਂ ਦੀ ਡਿਟੇਲ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਹੈ। ਡਰੱਗ ਤਸਕਰੀ ਦੇ ਇਸ ਮਾਮਲੇ ਵਿਚ ਮੁਲਜਮ ਰਾਜਜੀਤ 20 ਅਕਤੂਬਰ 2023 ਤੋਂ ਫਰਾਰ ਚੱਲ ਰਿਹਾ ਹੈ।



ਸਪੈਸ਼ਲ ਟਾਸਕ ਫੋਰਸ (ਐੱਸ. ਟੀ. ਐੱਫ.) ਨੇ ਰਾਜਜੀਤ ਦੀ ਪ੍ਰਾਪਰਟੀ ਅਟੈਚ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਐੱਸ. ਟੀ. ਐੱਫ. ਨੇ ਵਿੱਤ ਮੰਤਰਾਲੇ ਨੂੰ ਪੱਤਰ ਭੇਜਿਆ ਹੈ। ਇਸ ਵਿਚ ਮੁਲਜਮ ਦੀ ਪ੍ਰਾਪਰਟੀ ਅਟੈਚ ਕਰਨ ਦਾ ਨੋਟਿਸ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ। ਇਸ 'ਤੇ ਕੇਂਦਰ ਸਰਕਾਰ ਦੀ ਸੰਬੰਧਤ ਏਜੰਸੀ ਦੀ ਕਮੇਟੀ ਨੂੰ ਰਾਜਜੀਤ, ਉਸ ਦੀ ਪਤਨੀ, ਬੇਟੀ ਨੂੰ 9 ਫਰਵਰੀ ਤਕ ਦਿੱਲੀ ਵਿਚ ਅਥਾਰਿਟੀ ਦੇ ਸਾਹਮਣੇ ਜਵਾਬ ਦਾਖਲ ਕਰਨ ਦਾ ਹੁਕਮ ਦਿੱਤਾ ਗਿਆ ਹੈ। ਜੇ ਜਵਾਬ ਨਹੀਂ ਦਿੱਤਾ ਜਾਂਦਾ ਤਾਂ ਰਾਜਜੀਤ ਦੀ ਪ੍ਰਾਪਟੀ ਅਟੈਚ ਕੀਤੀ ਜਾਵੇਗੀ। ਇਸ ਲਈ ਰਾਜਜੀਤ ਦੀ ਪੰਜਾਬ ਵਿਚ ਨੌਂ ਪ੍ਰਾਪਰਟੀਆਂ ਦੀ ਪਛਾਣ ਕੀਤੀ ਗਈ ਹੈ। ਸੂਤਰਾਂ ਮੁਤਾਬਕ ਰਾਜਜੀਤ ਦੇ ਬੈਂਕ ਖਾਤਿਆਂ ਵਿਚ ਪਿਛਲੇ 10 ਸਾਲਾਂ ਦੌਰਾਨ 13 ਕਰੋੜ ਰੁਪਏ ਦਾ ਲੈਣ-ਦੇਣ ਹੋਇਆ ਹੈ। ਜ਼ਿਆਦਾ ਲੈਣ ਦੇਣ ਰਾਜਜੀਤ ਦੇ ਖਾਤਿਆਂ ਵਿਚ ਹੋਇਆ ਹੈ। ਉਥੇ ਹੀ ਅਣਜਾਣ ਖਾਤਿਆਂ ਰਾਹੀਂ ਵੀ ਲੈਣ ਦੇਣ ਕੀਤਾ ਗਿਆ ਹੈ। ਐੱਸ. ਟੀ. ਐੱਫ. ਪੂਰੇ ਮਾਮਲੇ ਦੀ ਜਾਂਚ ਵਿਚ ਜੁਟੀ ਹੋਈ ਹੈ। ਵਿਜੀਲੈਂਸ ਬਿਊਰੋ ਨੇ ਇਕ ਐੱਸ. ਪੀ. ਪੱਧਰ ਦੇ ਅਧਿਕਾਰੀ ਦੀ ਅਗਵਾਈ ਵਿਚ ਟੀਮ ਦਾ ਗਠਨ ਕੀਤਾ ਹੈ।

## ਸਾਰਟ ਸਰਕਿਟ ਕਾਰਨ ਇਲੈਕਟਰੀਕਲ ਦੀ ਦੁਕਾਨ 'ਚ ਲੱਗੀ ਅੱਗ

ਸ਼ਾਹਕੋਟ 8 ਫਰਵਰੀ। ਸਥਾਨਕ ਦੁਸਹਿਰਾ ਗਰਾਊਂਡ ਦੇ ਨਜ਼ਦੀਕ ਬੀਤੀ ਦੇਰ ਰਾਤ ਇਕ ਬਿਜਲੀ ਦੀ ਦੁਕਾਨ 'ਚ ਅੱਗ ਲੱਗ ਜਾਣ ਕਾਰਨ ਲੱਖਾਂ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ। ਜਾਣਕਾਰੀ ਦਿੰਦੇ ਦੁਕਾਨ ਦੇ ਮਾਲਕ ਹਜਾਰਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਦੁਸਹਿਰਾ ਗਰਾਊਂਡ ਸ਼ਾਹਕੋਟ ਦੇ ਨਜਦੀਕ ਵਿਸ਼ਵਕਰਮਾ ਇਲੈਕਟਰੀਕਲ ਨਾਂ ਦੀ ਦੁਕਾਨ ਹੈ। ਰਾਤ ਕਰੀਬ 11:30 ਵਜੇ ਨਾਲ ਦੇ ਦੁਕਾਨਦਾਰ ਨੇ ਦੁਕਾਨ 'ਚ ਅੱਗ ਲੱਗਣ ਬਾਰੇ ਸੂਚਿਤ ਕੀਤਾ ਅਤੇ ਉਹ ਜਲਦ ਹੀ ਦੁਕਾਨ 'ਤੇ ਪਹੁੰਚ ਗਏ। ਉਨ੍ਹਾਂ ਦੱਸਿਆ ਕਿ ਲੋਕਾਂ ਨੇ ਅੱਗ ਨੂੰ ਬੁਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਅੱਗ ਹੋਰ ਤੇਜ ਹੋ ਗਈ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਦੀ ਸੂਚਨਾ ਫਾਇਰ ਬ੍ਰਿਗੇਡ ਸਾਹਕੋਟ ਨੂੰ ਦਿੱਤੀ ਗਈ ਅਤੇ ਮੌਕੇ 'ਤੇ ਪਹੁੰਚੇ ਫਾਇਰ ਬ੍ਰਿਗੇਡ ਮੁਲਾਜਮਾਂ ਨੇ ਕਾਫੀ ਮੁਸੱਕਤ ਕਰਨ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਦੁਕਾਨ ਦੇ ਮਾਲਕ ਹਜਾਰਾ ਸਿੰਘ ਨੇ ਦੱਸਿਆ ਕਿ ਦੁਕਾਨ 'ਚ ਲੱਗੇ ਇਨਵਰਟਰ ਤੋਂ ਬਿਜਲੀ ਦਾ ਸ਼ਾਰਟ ਸਰਕਿਟ ਹੋਣ ਕਾਰਨ ਅੱਗ ਲੱਗੀ ਹੈ

### ਬਾਜਾਰ 'ਚ ਔਰਤ ਨੂੰ ਤੇਜਧਾਰ ਹਥਿਆਰ ਨਾਲ ਜਖਮੀ ਕਰਨ ਵਾਲਾ ਗ੍ਰਿਫਤਾਰ

ਫਤਿਹਗੜ ਚੂੜੀਆਂ 8 ਫਰਵਰੀ। ਬੀਤੇ ਦਿਨੀਂ ਸ਼ਾਮ ਨੂੰ ਫ਼ਤਿਹਗੜ੍ਹ ਚੂੜੀਆਂ ਦੇ ਪੁਰਾਣੇ ਬੱਸ ਅੱਡੇ ਨੇੜੇ ਇਕ ਵਿਅਕਤੀ ਸ਼ਰੇਆਮ ਤੇਜ਼ਧਾਰ ਹਥਿਆਰ ਨਾਲ ਇਕ ਔਰਤ ਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਕੇ ਫਰਾਰ ਹੋ ਗਿਆ ਸੀ, ਜਿਸ 'ਤੇ ਪੁਲਸ ਨੇ ਕਾਰਵਾਈ ਕਰਦਿਆਂ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਸਬ-ਇੰਸਪੈਕਟਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਮੁਲਜਮ ਵਿਅਕਤੀ ਸਿਹਤ ਠੀਕ ਨਾ ਹੋਣ ਕਾਰਨ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿਖੇ ਇਲਾਜ ਲਈ ਦਾਖਲ ਹੋਇਆ ਸੀ, ਜਿਸ ਦੀ ਡਾ. ਪਰਮਿੰਦਰ ਸਿੰਘ ਵੱਲੋਂ ਟੈਲੀਫੋਨ ਉਪਰ ਪੁਲਸ ਨੂੰ ਸੂਚਨਾ ਦਿੱਤੀ ਗਈ, ਪੁਲਸ ਨੇ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ, ਜਿਸ ਦੀ ਪਛਾਣ ਪ੍ਰਗਟ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਫ਼ਤਿਹਗੜ੍ਹ ਚੂੜੀਆਂ ਵਜੋਂ ਹੋਈ ਹੈ।

# ਆਸਾਮ ਅਤੇ ਉੱਤਰਾਖੰਡ ਸਰਕਾਰਾਂ ਨੇ ਮਰਦਾਂ ਦੇ ਵੱਧ ਵਿਆਹਾਂ 'ਤੇ ਰੋਕ ਦਾ ਚੁੱਕਿਆ ਕਦਮ

ਆਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਦੇ ਅਨੁਸਾਰ ਉਨ੍ਹਾਂ ਦੀ ਸਰਕਾਰ ਨੇ ਸੂਬੇ ਵਿਚ ਮਰਦਾਂ ਵੱਲੋਂ ਵੱਧ ਵਿਆਹ ਕਰਨ ਦਾ ਰਿਵਾਜ ਖਤਮ ਕਰਨ ਦਾ ਕਾਨੂੰਨ ਬਣਾਉਣ ਦੇ ਲਈ ਵਿਧਾਨ ਸਭਾ ਦੇ ਅਗਲੇ ਬਜਟ ਸੈਸ਼ਨ ਵਿਚ ਬਿੱਲ ਲਿਆਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ 'ਇਕਸਾਰ ਨਾਗਰਿਕ ਜਾਬਤਾ' (ਯੂ. ਸੀ. ਸੀ.) 'ਤੇ ਕਾਨੂੰਨ ਬਣਾਉਣ ਨੂੰ ਲੈ ਕੇ ਆਸਵੰਦ ਹੈ, ਜਿਸ 'ਤੇ 5 ਫਰਵਰੀ ਤੋਂ ਸ਼ੁਰੂ ਹੋਣ ਵਾਲੇ ਵਿਧਾਨ ਸਭਾ ਦੇ 4 ਦਿਨਾ ਵਿਸ਼ੇਸ਼ ਸੈਸ਼ਨ ਦੇ ਦੌਰਾਨ ਵਿਚਾਰ ਕੀਤਾ ਜਾਵੇਗਾ। ਇਸੇ ਤਰ੍ਹਾਂ ਉੱਤਰਾਖੰਡ ਸਰਕਾਰ ਵੀ ਜਲਦੀ ਹੀ 'ਇਕਸਾਰ ਨਾਗਰਿਕ ਜਾਬਤਾ' (ਯੂ. ਸੀ. ਸੀ.) ਨੂੰ ਕਾਨੂੰਨੀ ਜਾਮਾ ਪਹਿਨਾਉਣ ਦੀ ਤਿਆਰੀ ਵਿਚ ਹੈ, ਜਿਸਦਾ ਖਰੜਾ 'ਜਸਟਿਸ ਰੰਜਨਾ ਦੇਸਾਈ ਕਮੇਟੀ' ਨੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੂੰ ਸੌਂਪ ਦਿੱਤਾ ਹੈ। ਸੂਬਾ ਸਰਕਾਰ ਵੱਲੋਂ ਇਸ ਬਾਰੇ ਨੋਟੀਫਿਕੇਸ਼ਨ 8 ਫਰਵਰੀ ਨੂੰ ਵਿਧਾਨ ਸਭਾ ਵਿਚ ਜਾਰੀ ਕੀਤਾ ਜਾ ਸਕਦਾ ਹੈ। ਇਸ ਦੇ ਅਧੀਨ ਔਰਤਾਂ ਨੂੰ ਕਈ ਅਧਿਕਾਰ ਮਿਲਣ ਦੇ ਨਾਲ-ਨਾਲ ਸੂਬੇ ਵਿਚ ਮਰਦਾਂ ਵੱਲੋਂ ਵੱਧ ਵਿਆਹ ਕਰਨ ਦੇ



ਰਿਵਾਜ 'ਤੇ ਰੋਕ ਲੱਗੇਗੀ, ਜਦਕਿ ਇਸ ਸਮੇਂ 'ਮੁਸਲਿਮ ਪਰਸਨਲ ਲਾਅ' ਦੇ ਅਧੀਨ ਮੁਸਲਮਾਨ ਮਰਦਾਂ ਨੂੰ 4 ਵਿਆਹਾਂ ਦੀ ਇਜਾਜਤ ਹੈ। ਪਰ ਹੁਣ ਸਿੱਖਿਆ ਦੇ ਪ੍ਰਸਾਰ ਦੇ ਕਾਰਨ ਲੋਕ ਵਿਆਹ ਵੱਡੀ ਉਮਰ ਵਿਚ ਕਰਨ ਦੇ ਇਲਾਵਾ ਬੱਚੇ ਵੀ ਕੁਝ ਦੇਰ ਨਾਲ ਹੀ ਪੈਦਾ ਕਰ ਰਹੇ ਹਨ ਅਤੇ ਵਧੇਰੇ ਜੋੜੇ 1 ਜਾਂ 2 ਬੱਚਿਆਂ ਨੂੰ ਹੀ ਤਰਜੀਹ ਦੇ ਰਹੇ ਹਨ। ਵਰਣਨਯੋਗ ਹੈ ਕਿ ਦੇਸ਼ ਵਿਚ ਪਿਛਲੀਆਂ ਸਰਕਾਰਾਂ ਨੇ 'ਹਮ ਦੋ ਹਮਾਰੇ ਦੋ' ਦਾ ਨਾਅਰਾ ਲਗਾਇਆ ਸੀ, ਜਿਸਦਾ ਕਿਸੇ ਹੱਦ ਤੱਕ ਚੰਗਾ ਹੀ ਨਤੀਜਾ ਨਿਕਲਿਆ। ਘੱਟ ਬੱਚੇ ਹੋਣ ਦੇ ਕਾਰਨ ਪਰਿਵਾਰ ਵਿਚ ਖੁਸ਼ਹਾਲੀ ਵੀ ਆਉਂਦੀ ਹੈ, ਇਸ ਲਈ ਹੁਣ ਪੜ੍ਹੇ-ਲਿਖੇ ਮੁਸਲਮਾਨ ਜੋੜੇ ਵੀ ਇਕ ਹੀ ਵਿਆਹ ਕਰਨ ਅਤੇ ਬੱਚੇ ਵੀ 1 ਜਾਂ 2 ਪੈਦਾ ਕਰਨ ਨੂੰ ਹੀ ਤਰਜੀਹ ਦੇਣ ਲੱਗੇ ਹਨ ਪਰ ਇਸ ਨੂੰ ਹੋਰ ਅੱਗੇ ਵਧਾਉਣ ਦੀ ਲੋੜ ਹੈ। ਕਿਉਂਕਿ ਆਬਾਦੀ ਵਾਧੇ ਦਾ ਇਕ ਵੱਡਾ ਕਾਰਨ ਅਨਪੜ੍ਹਤਾ ਹੈ, ਇਸ ਲਈ ਅਨਪੜ੍ਹ ਹੀ, ਭਾਵੇਂ ਉਹ ਕਿਸੇ ਵੀ ਧਰਮ ਦੇ ਹੋਣ, ਵੱਧ ਬੱਚੇ ਪੈਦਾ ਕਰਦੇ ਹਨ। ਘੱਟ ਬੱਚੇ ਹੋਣ ਨਾਲ ਨਾ ਸਿਰਫ ਮਰਦਾਂ, ਔਰਤਾਂ ਅਤੇ ਬੱਚਿਆਂ ਦੀ ਸਿਹਤ ਸੁਧਰੇਗੀ, ਸਗੋਂ ਰੋਜਗਾਰ ਦੇ ਵੱਧ ਮੌਕੇ ਮਿਲਣ ਨਾਲ ਬੱਚਿਆਂ ਦਾ ਭਵਿੱਖ ਵੀ ਉੱਜਵਲ ਹੋਵੇਗਾ। ਇਸ ਲਈ ਆਸਾਮ ਅਤੇ ਉੱਤਰਾਖੰਡ ਦੀਆਂ ਸਰਕਾਰਾਂ ਜਿੰਨੀ ਜਲਦੀ ਇਹ ਵਿਵਸਥਾ ਕਰ ਸਕਣ

## ਕਪੂਰਥਲਾ ਵੱਲੋਂ 'ਸਰਕਾਰ ਆਪ ਕੇ ਦੁਆਰ' ਤਹਿਤ ਲੱਗੇ ਲੋਕ ਸੇਵਾ ਕੈਂਪਾਂ ਦਾ ਨਿਰੀਖਣ

ਭੁਲੱਥ 8 ਫਰਵਰੀ। ਪੰਜਾਬ ਸਰਕਾਰ ਦੀਆਂ ਸੇਵਾਵਾਂ ਲੋਕਾਂ ਤੱਕ ਪਹੁੰਚਾਉਣ ਲਈ 8 ਫਰਵਰੀ ਤੋਂ ਸ਼ੁਰੂ ਕੀਤੇ ਗਏ 'ਸਰਕਾਰ ਆਪ ਕੇ ਦੁਆਰ' ਪ੍ਰੋਗਰਾਮ ਤਹਿਤ ਸਬ ਡਵੀਜਨ ਭੁਲੱਥ 'ਚ ਐੱਸ. ਡੀ. ਐੱਮ. ਭੁਲੱਥ ਸੰਜੀਵ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਪਿੰਡ ਤਲਵੰਡੀ, ਰਾਵਾਂ, ਧੱਕੜਾਂ ਤੇ ਕਮਾਲਪੁਰ ਵਿਖੇ ਵਿਸ਼ੇਸ਼ ਕੈਂਪ ਲਗਾਏ ਗਏ। ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਕੁਮਾਰ ਪੰਚਾਲ ਵੱਲੋਂ ਅੱਜ ਭੁਲੱਥ ਵਿਖੇ ਪਹੁੰਚ ਕੇ ਇਨ੍ਹਾਂ ਕੈਂਪਾਂ ਦਾ ਨਿਰੀਖਣ ਕੀਤਾ ਅਤੇ ਲੋਕਾਂ ਦੀਆਂ ਮੁਸ਼ਕਲਾ ਵੀ ਸੁਣੀਆਂ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਐਡਵੋਕੇਟ ਹਰਸਿਮਰਨ ਸਿੰਘ ਘੁੰਮਣ ਵੀ ਮੌਜੂਦ ਸਨ। ਕੈਂਪਾਂ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਮੁਲਾਜਮ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਪੂਰਥਲਾ ਦੇ ਡਿਪਟੀ ਕਮਿਸਨਰ ਅਮਿਤ ਕੁਮਾਰ ਪੰਚਾਲ ਨੇ ਕਿਹਾ ਕਿ ਲੋਕਾਂ ਵੱਲੋਂ ਕੈਂਪਾਂ ਨੂੰ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ ਕਿਉਂਕਿ ਕੈਂਪਾਂ ਦੌਰਾਨ ਵੱਖ-ਵੱਖ ਵਿਭਾਗਾਂ ਵਲੋਂ ਸੇਵਾਵਾਂ ਲੋਕਾਂ ਨੂੰ ਦਿੱਤੀਆ ਜਾ ਰਹੀਆਂ ਹਨ। ਉਨ੍ਹਾਂ ਨੇ ਮੌਕੇ 'ਤੇ ਸੇਵਾਵਾਂ ਲੈਣ ਆਏ ਲੋਕਾਂ ਨਾਲ ਗੱਲਬਾਤ ਵੀ ਕੀਤੀ।

# ਬੱਚਿਆਂ 'ਚ ਖੂਨ ਦੀ ਕਮੀ ਦਾ ਕਾਰਨ ਹੋ ਸਕਦੇ ਨੇ ਢਿੱਡ ਦੇ ਕੀੜੇ : ਡਾ. ਰਮਨ ਸ਼ਰਮਾ

ਜਲੰਧਰ 8 ਫਰਵਰੀ। ਬੱਚਿਆਂ 'ਚ ਖੂਨ ਦੀ ਕਮੀ ਦਾ ਕਾਰਨ ਢਿੱਡ ਦੇ ਕੀੜੇ ਵੀ ਹੁੰਦੇ ਹਨ ਅਤੇ ਇਸ ਨਾਲ ਜਿਥੇ ਬੱਚਾ ਸਰੀਰਕ ਤੌਰ 'ਤੇ ਕਮਜੋਰ ਹੁੰਦਾ ਹੈ, ਉਥੇ ਕਈ ਵਾਰ ਉਹ ਪੜ੍ਹਾਈ ਵਿਚ ਵੀ ਕਮਜੋਰ ਹੋ ਜਾਂਦਾ ਹੈ। ਇਹ ਗੱਲ ਡੀ. ਐੱਚ. ਐੱਸ. ਦਫਤਰ ਚੰਡੀਗੜ੍ਹ ਤੋਂ ਆਏ ਡਿਪਟੀ ਡਾਇਰੈਕਟਰ ਡਾ. ਰਮਨ ਸ਼ਰਮਾ ਨੇ ਸੋਮਵਾਰ ਨੂੰ ਸਥਾਨਕ ਰੈਣਕ ਬਾਜਾਰ ਸਥਿਤ ਸਰਕਾਰੀ ਹਾਈ ਸਕੂਲ ਵਿਚ ਨੈਸ਼ਨਲ ਡੀ-ਵਰਮਿੰਗ ਡੇਅ ਦੇ ਮੌਕੇ 'ਤੇ ਵਿਦਿਆਰਥੀਆਂ ਨੂੰ ਢਿੱਡ ਦੇ ਕੀੜੇ ਮਾਰਨ ਵਾਲੀ ਗੋਲੀ (ਅਲਬੈਂਡਾਜੋਲ) ਖੁਆਉਣ ਦੇ ਸਮੇਂ ਕਹੀ। ਡਾ. ਸ਼ਰਮਾ ਨੇ ਬੱਚਿਆਂ ਨੂੰ ਵਧੀਆ ਢੰਗ ਨਾਲ ਸਮਝਾਇਆ ਕਿ ਉਹ ਪਖਾਨੇ ਜਾਣ ਤੋਂ ਬਾਅਦ ਅਤੇ ਖਾਣਾ ਖਾਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਸਾਬਣ ਅਤੇ ਸਾਫ ਪਾਣੀ ਨਾਲ ਵਧੀਆ ਢੰਗ ਧੋਇਆ ਕਰਨ ਤਾਂ ਕਿ ਢਿੱਡ ਦੇ ਕੀੜਿਆਂ ਤੋਂ ਬਚਾਅ ਹੋ ਸਕੇ। ਇਸ ਮੌਕੇ ਉਨ੍ਹਾਂ ਨਾਲ ਆਏ ਜ਼ਿਲਾ ਟੀਕਾਕਰਨ ਅਧਿਕਾਰੀ ਡਾ. ਰਾਕੇਸ਼ ਚੋਪੜਾ ਨੇ ਦੱਸਿਆ ਕਿ ਸਿਹਤ ਵਿਭਾਗ ਨੇ ਨੈਸ਼ਨਲ ਡੀ-ਵਰਮਿੰਗ ਡੇਅ ਦੌਰਾਨ ਜ਼ਿਲੇ ਵਿਚ 1653 ਆਂਗਣਵਾੜੀ ਕੇਂਦਰਾਂ, 1457 ਸਰਕਾਰੀ ਅਤੇ ਮਾਨਤਾ ਪ੍ਰਾਪਤ ਸਕੂਲਾਂ ਅਤੇ 771 ਪ੍ਰਾਈਵੇਟ ਸਕੂਲਾਂ ਵਿਚ ਕੁੱਲ 429,346 ਵਿਦਿਆਰਥੀਆਂ ਨੂੰ ਢਿੱਡ ਦੇ ਕੀੜੇ ਮਾਰਨ ਵਾਲੀ ਗੋਲੀ ਖੁਆਉਣ ਦਾ ਟੀਚਾ ਨਿਰਧਾਰਿਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਵਿਦਿਆਰਥੀ ਨੈਸ਼ਨਲ ਡੀ-ਵਰਮਿੰਗ ਡੇਅ ਦੇ ਮੌਕੇ 'ਤੇ ਐਲਬੈਂਡਾਜੋਲ ਦੀ ਗੋਲੀ ਖਾਣ ਤੋਂ ਵਾਂਝੇ ਰਹਿ ਜਾਣਗੇ, ਉਨ੍ਹਾਂ ਨੂੰ 12 ਫਰਵਰੀ ਨੂੰ ਮੋਪਅਪ ਰਾਊਂਡ ਦੇ ਮੌਕੇ 'ਤੇ ਗੋਲੀ ਖੁਆਈ ਜਾਵੇਗੀ। ਇਸ ਉਪਰੰਤ ਉਨ੍ਹਾਂ ਹੋਰ ਕਈ ਸਕੂਲਾਂ ਅਤੇ ਆਂਗੜਵਾੜੀ ਕੇਂਦਰਾਂ ਦਾ ਦੌਰਾ ਵੀ ਕੀਤਾ। ਨੈਸ਼ਨਲ ਡੀ-ਵਰਮਿੰਗ ਡੇਅ ਮੌਕੇ ਸਿਵਲ ਸਰਜਨ ਡਾ. ਜਗਦੀਪ ਚਾਵਲਾ ਨੇ ਸਥਾਨਕ ਬਸਤੀ ਨੌਂ ਸਥਿਤ ਆਰੀਆ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਚ ਵਿਦਿਆਰਥਣਾਂ ਨੂੰ ਐਲਬੈਂਡਾਜੋਲ ਦੀਆਂ ਗੋਲੀਆਂ ਖੁਆਈ। ਇਸ ਮੌਕੇ ਉਨ੍ਹਾਂ ਬੱਚਿਆਂ ਨੂੰ ਸਮਝਾਇਆ ਕਿ ਪੇਟ ਦੇ ਕੀੜਿਆਂ ਤੋਂ ਬਚਣ ਲਈ ਉਹ ਆਪਣੇ ਆਲੇ-ਦੁਆਲੇ ਸਾਫ-ਸਫਾਈ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਫਲ ਤੇ ਸਬਜੀਆਂ ਸਾਫ ਪਾਣੀ ਨਾਲ ਧੋ ਕੇ ਖਾਣ। ਉਨ੍ਹਾਂ ਵਿਦਿਆਰਥੀਆਂ ਨੂੰ ਸਮਝਾਇਆ ਕਿ ਸਮੇਂ-ਸਮੇਂ 'ਤੇ ਹੱਥਾਂ ਦੇ ਨਹੁੰ ਜਰੂਰ ਕੱਟਣ। ਸਕੂਲ ਹੈਲਥ ਕਲੀਨਿਕ ਦੀ ਮੈਡੀਕਲ ਆਫਿਸਰ ਡਾ. ਸਿਮਰਨਜੀਤ ਕੌਰ ਨੇ ਵੀ ਵਿਦਿਆਰਥੀਆਂ ਨੂੰ ਢਿੱਡ ਦੇ ਕੀੜਿਆਂ ਤੋਂ ਬਚਾਅ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

## ਦੇਸ ਦਾ ਕੋਲਾ ਉਤਪਾਦਨ ਜਨਵਰੀ 'ਚ 10 ਫੀਸਦੀ ਵਧਿਆ

ਨਵੀਂ ਦਿੱਲੀ 8 ਫਰਵਰੀ। ਦੇਸ ਦਾ ਕੋਲਾ ਉਤਪਾਦਨ ਜਨਵਰੀ 'ਚ ਸਾਲਾਨਾ ਆਧਾਰ 'ਤੇ 10.3 ਫੀਸਦੀ ਵਧ ਕੇ 9.97 ਕਰੋੜ ਟਨ ਹੋ ਗਿਆ। ਇੱਕ ਸਾਲ ਪਹਿਲਾਂ ਦੀ ਇਸੇ ਮਿਆਦ ਵਿੱਚ ਭਾਰਤ ਦਾ ਕੋਲਾ ਉਤਪਾਦਨ 9.04 ਕਰੋੜ ਟਨ ਸੀ। ਕੋਲਾ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਚਾਲੂ ਵਿੱਤੀ ਸਾਲ 'ਚ ਅਪ੍ਰੈਲ-ਜਨਵਰੀ ਦੌਰਾਨ ਕੋਲਾ ਉਤਪਾਦਨ ਸਾਲਾਨਾ ਆਧਾਰ 'ਤੇ 69.89 ਕਰੋੜ ਟਨ ਤੋਂ ਵਧ ਕੇ 78.41 ਕਰੋੜ ਟਨ (ਆਰਜੀ) ਹੋ ਗਿਆ ਹੈ। ਇਸ ਸਾਲ ਜਨਵਰੀ 'ਚ ਦੇਸ ਦੀ ਕੋਲੇ ਦੀ ਸਪਲਾਈ ਸਾਲਾਨਾ ਆਧਾਰ 'ਤੇ 8.2 ਕਰੋੜ ਟਨ ਤੋਂ ਵਧ ਕੇ 8.73 ਕਰੋੜ ਟਨ ਹੋ ਗਈ। ਇਸੇ ਤਰ੍ਹਾਂ 31 ਜਨਵਰੀ ਤੱਕ ਕੋਲਾ ਕੰਪਨੀਆਂ ਕੋਲ ਕੋਲੇ ਦਾ ਭੰਡਾਰ ਵਧ ਕੇ 7.03 ਕਰੋੜ ਟਨ ਹੋ ਗਿਆ। ਇਹ 47.85 ਫੀਸਦੀ ਦਾ ਸਾਲਾਨਾ ਵਾਧਾ ਦਰਸਾਉਂਦਾ ਹੈ।

## 500 ਗ੍ਰਾਮ ਤੋਂ ਜਿਆਦਾ ਸੋਨੇ ਦੇ ਗਹਿਣੇ ਲੈ ਕੇ ਰੇਲ 'ਚ ਸਫਰ ਕਰਨ 'ਤੇ ਹੋਵੇਗੀ ਜਾਂਚ

ਨਵੀਂ ਦਿੱਲੀ 8 ਫਰਵਰੀ। ਰੇਲਾਂ 'ਚ ਤੈਅ ਮਾਤਰਾ ਤੋਂ ਜ਼ਿਆਦਾ ਸੋਨੇ ਦੇ ਗਹਿਣੇ ਪਹਿਨ ਕੇ ਯਾਤਰਾ ਕਰਨ 'ਤੇ ਪੁੱਛਗਿੱਛ ਹੋ ਸਕਦੀ ਹੈ। ਜੇਕਰ ਤਸੱਲੀਬਖਸ ਜਵਾਬ ਨਾ ਮਿਲੇ ਤਾਂ ਸੁਰੱਖਿਆ ਬਲ ਜਬਤ ਦੀ ਕਾਰਵਾਈ ਵੀ ਕਰ ਸਕਦੇ ਹਨ। ਲੋਕ ਸਭਾ ਚੋਣਾਂ ਤੋਂ ਪਹਿਲਾਂ ਸਰਕਾਰ ਇਸ ਸਬੰਧੀ ਸਪੱਸਟ ਹਦਾਇਤਾਂ ਜਾਰੀ ਕਰ ਸਕਦੀ ਹੈ। ਸੂਤਰਾਂ ਅਨੁਸਾਰ ਚੋਣਾਂ ਦੌਰਾਨ ਨਕਦੀ ਅਤੇ ਸਰਾਬ ਜਬਤ ਕਰਨ 'ਤੇ ਸਖਤੀ ਕਾਰਨ ਕੁਝ ਸਿਆਸੀ ਪਾਰਟੀਆਂ ਜਾਂ ਉਮੀਦਵਾਰ ਗਹਿਣਿਆਂ ਰਾਹੀਂ ਸੋਨੇ ਦੀ ਤਸਕਰੀ ਕਰਵਾਉਂਦੇ ਹਨ। ਰੇਲਵੇ ਦੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਸੋਨੇ ਦੇ ਗਹਿਣਿਆਂ ਦੀ ਮਾਤਰਾ ਪੁਰਸ ਯਾਤਰੀਆਂ ਲਈ 100 ਗ੍ਰਾਮ, ਅਣਵਿਆਹੀਆਂ ਔਰਤਾਂ ਲਈ 250 ਗ੍ਰਾਮ ਅਤੇ ਵਿਆਹੀਆਂ ਔਰਤਾਂ ਲਈ 500 ਗ੍ਰਾਮ ਤੈਅ ਕੀਤੀ ਗਈ ਹੈ। ਫਿਲਹਾਲ ਮੌਜੂਦਾ ਸਮੇਂ 'ਚ ਵਾਧੂ ਗਹਿਣਿਆਂ ਨਾਲ ਯਾਤਰਾ ਕਰਨ ਦਾ ਕੋਈ ਪੁੱਛਗਿੱਛ ਨਹੀਂ ਹੁੰਦੀ। ਰੇਲਵੇ ਦੇ ਇੱਕ ਅਧਿਕਾਰੀ ਦੇ ਅਨੁਸਾਰ, ਜੇਕਰ ਨਿਰਧਾਰਤ ਮਾਤਰਾ ਤੋਂ ਵੱਧ ਗਹਿਣੇ ਲੈ ਕੇ ਯਾਤਰਾ ਕਰਦੇ ਹੋ ਤਾਂ ਇਸਦੇ ਬਿੱਲ ਜਾਂ ਸਰੋਤ ਬਾਰੇ ਇੱਕ ਤਸੱਲੀਬਖਸ ਜਵਾਬ ਦੇਣਾ ਹੋਵੇਗਾ।

# ਮਾਮਲਾ ਲਾਅ ਗੇਟ ਇਲਾਕੇ 'ਚ ਸੈਕਸ ਰੈਕੇਟ ਦਾ 26 ਮੁਲਜਮਾਂ ਦਾ ਮਿਲਿਆ ਪੁਲਸ ਰਿਮਾਂਡ

ਫਗਵਾੜਾ 8 ਫਰਵਰੀ। ਬੀਤੇ ਦਿਨ ਪਿੰਡ ਮਹੇੜੂ ਨੇੜੇ ਬਦਨਾਮ ਲਾਅ ਗੇਟ ਇਲਾਕੇ ਵਿਚ ਵਿਦੇਸੀ ਲੜਕੀਆਂ ਦੇ ਵੱਡੇ ਸੈਕਸ ਰੈਕੇਟ ਦਾ ਪਰਦਾਫਾਸ਼ ਕਰਦੇ ਹੋਏ ਫਗਵਾੜਾ ਪੁਲਸ ਨੇ 9 ਵਿਦੇਸੀ ਲੜਕੀਆਂ, ਜਿਨ੍ਹਾਂ 'ਚ ਥਾਈਲੈਂਡ ਦੀਆਂ 8 ਅਤੇ ਦੱਖਣੀ ਅਫਰੀਕਾ ਦੀ 1 ਸਮੇਤ 4 ਭਾਰਤੀ ਲੜਕੀਆਂ ਸਾਮਲ ਹਨ ਅਤੇ 13 ਪੁਰਸਾਂ ਨੂੰ ਮੌਕੇ ਤੋਂ ਗ੍ਰਿਫਤਾਰ ਕੀਤਾ ਸੀ, ਜਿਨ੍ਹਾਂ ਖਿਲਾਫ ਥਾਣਾ ਸਤਨਾਮਪੁਰਾ ਫਗਵਾੜਾ ਵਿਖੇ ਇੰਮੋਰਲ ਟ੍ਰੈਫਿਕ ਐਕਟ ਦੀ ਧਾਰਾ 3, 4, 5, 7, 8 ਤਹਿਤ 2 ਪੁਲਸ ਕੇਸ ਦਰਜ ਕੀਤੇ ਗਏ ਸਨ। ਅੱਜ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਸਾਰੇ 26 ਮੁਲਜਮਾਂ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ। ਜਿਸ ਤੋਂ ਬਾਅਦ ਅਦਾਲਤ ਵੱਲੋਂ ਮੁਲਜਮਾਂ ਦਾ 2 ਦਿਨ ਦਾ ਪੁਲਸ ਰਿਮਾਂਡ ਦਿੱਤਾ ਗਿਆ ਹੈ। 'ਜਗ ਬਾਣੀ' ਨਾਲ ਗੱਲਬਾਤ ਕਰਦੇ ਹੋਏ ਐੱਸ. ਪੀ. ਫਗਵਾੜਾ ਰੁਪਿੰਦਰ ਕੌਰ ਭੱਟੀ ਨੇ ਦੱਸਿਆ ਕਿ ਪੁਲਸ ਨੇ ਦੇਹ ਵਪਾਰ ਦੇ ਅਨੈਤਿਕ ਧੰਦੇ 'ਚ ਸਾਮਲ ਉਕਤ ਮੁਲਜਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ ਪੁਲਸ ਰਿਮਾਂਡ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਪੁਲਸ ਰਿਮਾਂਡ ਦੌਰਾਨ ਮੁਲਜਮਾਂ ਕੋਲੋਂ ਪੁੱਛਗਿੱਛ ਕੀਤੀ ਜਾਵੇਗੀ ਕਿ ਉਨ੍ਹਾਂ ਦੇ ਨਾਲ ਇਸ ਗਲਤ ਧੰਦੇ 'ਚ ਕੌਣ-ਕੌਣ ਲੋਕ ਸ਼ਾਮਲ ਹਨ ਤੇ ਇਸ ਦੇ ਤਾਰ ਕਿੱਥੇ ਤਕ ਫੈਲੇ ਹੋਏ ਹਨ। ਪੁੱਛਗਿੱਛ ਦੌਰਾਨ ਸਨਸਨੀਖੇਜ ਖੁਲਾਸੇ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਇਸ ਗਲਤ ਧੰਦੇ 'ਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਮਾਮਲੇ 'ਚ ਹਰ ਮੁਲਜਮ ਨੂੰ ਬੇਨਕਾਬ ਕੀਤਾ ਜਾਵੇਗਾ। ਫਗਵਾੜਾ ਪੁਲਸ ਦੀਆਂ ਵੱਖ-ਵੱਖ ਟੀਮਾਂ ਜਾਂਚ 'ਚ ਲੱਗੀਆਂ ਹੋਈਆਂ ਹਨ। ਹਰ ਪਹਿਲੂ 'ਤੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਐੱਸ. ਪੀ. ਫਗਵਾੜਾ ਰੁਪਿੰਦਰ ਕੌਰ ਭੱਟੀ ਨੇ ਦੱਸਿਆ ਕਿ ਜਦੋਂ ਪੁਲਸ ਟੀਮਾਂ ਪੀ. ਜੀ. ਸੈਂਟਰ ਪਹੁੰਚੀਆਂ ਸਨ ਤਾਂ ਉੱਥੇ ਮਿਲੀ ਗੁਪਤ ਸੂਚਨਾ ਅਨੁਸਾਰ ਸਭ ਕੁਝ ਉਹੀ ਮਿਲਿਆ, ਜੋ ਸੂਚਨਾ ਮੁਤਾਬਕ ਸੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਰਹਿਣ ਲਈ ਬਣਾਏ ਗਏ ਪੀ. ਜੀ. ਸੈਂਟਰਾਂ 'ਚ ਸੀ. ਸੀ. ਟੀ. ਵੀ. ਕੈਮਰੇ ਲਗਾਏ ਗਏ ਸਨ ਪਰ ਇਹ ਕੰਮ ਨਹੀਂ ਕਰ ਰਹੇ ਸੀ। ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਪੁਲਸ ਇਸ ਗੱਲ ਦੀ ਵੀ ਜਾਂਚ ਕਰੇਗੀ ਕਿ ਪੀ. ਜੀ. ਸੈਂਟਰ 'ਚ ਚੱਲ ਰਹੇ ਇਸ ਅਨੈਤਿਕ ਕਾਰੋਬਾਰ 'ਚ ਪੀ. ਜੀ. ਸੈਂਟਰ ਦੇ ਅਸਲ ਮਾਲਕ ਦੀ ਕੀ ਭੂਮਿਕਾ ਰਹੀ ਹੈ? ਦੱਸ ਦੇਈਏ ਕਿ ਸਰਕਾਰੀ ਹੁਕਮਾਂ ਦੇ ਤਹਿਤ ਪੀ. ਜੀ. ਸੈਂਟਰ 'ਚ ਰਹਿਣ ਵਾਲੇ ਵਿਅਕਤੀ ਦੀ ਜਾਣਕਾਰੀ ਪੁਲਸ ਨੂੰ ਦੇਣਾ ਕਾਨੂੰਨੀ ਤੌਰ 'ਤੇ ਲਾਜਮੀ ਹੈ, ਜਿਸ ਨੂੰ ਨਾ ਦੇਣ ਦੀ ਸੂਰਤ ਵਿਚ ਧਾਰਾ 188 ਤਹਿਤ ਵੱਖਰਾ ਪੁਲਸ ਕੇਸ ਦਰਜ ਕੀਤਾ ਜਾਂਦਾ ਹੈ। ਜੇ ਸੀ. ਸੀ. ਟੀ. ਵੀ. ਕੈਮਰੇ ਕੰਮ ਨਹੀਂ ਕਰ ਰਹੇ ਹਨ, ਤਾਂ ਇਹ ਕਾਨੂੰਨੀ ਰਹਿਣ ਲਈ ਬਣਾਏ ਗਏ ਪੀ. ਜੀ. ਸੈਂਟਰਾਂ 'ਚ ਸੀ. ਸੀ. ਟੀ. ਵੀ. ਕੈਮਰੇ ਲਗਾਏ ਗਏ ਸਨ ਪਰ ਇਹ ਕੰਮ ਨਹੀਂ ਕਰ ਰਹੇ ਸੀ। ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਪੁਲਸ ਇਸ ਗੱਲ ਦੀ ਵੀ ਜਾਂਚ ਕਰੇਗੀ ਕਿ ਪੀ. ਜੀ. ਸੈਂਟਰ 'ਚ ਚੱਲ ਰਹੇ ਇਸ ਅਨੈਤਿਕ ਕਾਰੋਬਾਰ 'ਚ ਪੀ. ਜੀ. ਸੈਂਟਰ ਦੇ ਅਸਲ ਤੌਰ 'ਤੇ ਵੀ ਗਲਤ ਹੈ। ਇਸ ਸਬੰਧੀ ਡੀ. ਸੀ. ਕਪੂਰਥਲਾ ਵੱਲੋਂ ਵੀ ਆਦੇਸ ਜਾਰੀ ਕੀਤੇ ਗਏ ਹਨ। ਇਸ ਦੌਰਾਨ ਅਸਲੀਅਤ ਇਹ ਵੀ ਹੈ ਕਿ ਫਗਵਾੜਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਰਹਿਣ ਵਾਲੇ ਜ਼ਿਆਦਾਤਰ ਲੋਕ ਇਸ ਤੱਥ ਤੋਂ ਚੰਗੀ ਤਰ੍ਹਾਂ ਜਾਣੂ ਸਨ ਕਿ ਫਗਵਾੜਾ ਵਿਚ ਬਦਨਾਮ ਲਾਅ ਗੇਟ ਇਲਾਕੇ ਵਿਚ ਵਿਦੇਸੀ ਕੁੜੀਆਂ ਦੇ ਸੈਕਸ ਰੈਕੇਟ ਚੱਲ ਰਹੇ ਹਨ। ਇਹ ਵੀ ਸਭ ਨੂੰ ਪਤਾ ਹੈ ਕਿ ਇਥੇ ਮਹਿੰਗੀ ਡਰੱਗਸ ਸਮੇਤ ਹਰ ਉਹ ਚੀਜ ਇੱਥੇ ਉਪਲੱਬਧ ਹੈ, ਜੋ ਪੂਰੀ ਤਰ੍ਹਾਂ ਗੈਰ-ਕਾਨੂੰਨੀ ਸ੍ਰੇਣੀ 'ਚ ਆਉਂਦੀ ਹੈ। ਹੈਰਾਨੀਜਨਕ ਪਹਿਲੂ ਇਹ ਹੈ ਕਿ ਪੁਲਸ ਨੂੰ ਕਾਰਵਾਈ ਕਰਨ ਵਿਚ ਲੰਮਾ ਸਮਾਂ ਲੱਗਿਆ ਹੈ? ਇਸ ਬਾਰੇ ਲੋਕ ਚਰਚਾ ਕਰ ਰਹੇ ਹਨ। ਮਾਹਰਾਂ ਨੇ ਕਿਹਾ ਕਿ ਲਾਅ ਗੇਟ ਖੇਤਰ 'ਚ ਚੱਲ ਰਿਹਾ ਵਿਦੇਸੀ ਕੁੜੀਆਂ ਦਾ ਸੈਕਸ ਰੈਕੇਟ ਬਹੁਤ ਡੂੰਘਾ ਹੈ। ਇਸ ਦੇ ਕਿੰਗਪਿੰਨ ਅੰਮ੍ਰਿਤਸਰ ਅਤੇ ਜਲੰਧਰ ਦੇ ਹਨ, ਜੋ ਫਗਵਾੜਾ ਨੂੰ ਸੁਰੱਖਿਅਤ ਪਨਾਹਗਾਹ ਬਣਾ ਕੇ ਖੁੱਲ੍ਹੇਆਮ ਦੇਹ ਵਪਾਰ ਦਾ ਘਿਨਾਉਣਾ ਧੰਦਾ ਚਲਾ ਰਹੇ ਸੀ। ਫਗਵਾੜਾ 'ਚ ਇਕ ਪ੍ਰਾਈਵੇਟ ਯੂਨੀਵਰਸਿਟੀ ਦੇ ਨੇੜੇ ਦਾ ਇਲਾਕਾ ਹੋਣ ਕਾਰਨ ਗਾਹਕਾਂ ਦੀ ਕੋਈ ਕਮੀ ਨਹੀਂ ਸੀ। ਇੱਥੋਂ ਤੱਕ ਕਿ ਨੌਜਵਾਨ ਵਿਦਿਆਰਥੀ ਵੀ ਇਨ੍ਹਾਂ ਦੇ ਗਾਹਕ ਸਨ। ਪੁਲਸ ਮੌਕੇ ਤੋਂ ਬਰਾਮਦ ਮੋਬਾਈਲ ਫੋਨਾਂ ਦੇ ਕਾਲ ਵੇਰਵਿਆਂ ਦੀ ਵੀ ਜਾਂਚ ਕਰੇਗੀ ਜਾ ਨਹੀਂ, ਇਹ ਸਵਾਲ ਲੋਕਾਂ ਵੱਲੋਂ ਚੁੱਕੇ ਜਾ ਰਹੇ ਹਨ। ਜੇਕਰ ਪੁਲਸ ਜਾਂਚ ਅੱਗੇ ਵਧਾਉਂਦੀ ਹੈ ਤਾਂ ਇਸ ਤੋਂ ਬਾਅਦ ਕਈ ਅਜਿਹੇ ਰਾਜ ਸਾਹਮਣੇ ਆਉਣਗੇ, ਜੋ ਸਨਸਨੀਖੇਜ ਹੋ ਸਕਦੇ ਹਨ। ਯਾਨੀ ਉਨ੍ਹਾਂ ਦੇ ਪੱਕੇ ਗਾਹਕ ਕੌਣ ਸਨ? ਉਹ ਦਲਾਲ ਕੌਣ ਹਨ, ਜੋ ਇਹ ਸਭ ਕਰ ਰਹੇ ਸਨ ਅਤੇ ਹੋਰ ਕੀ ਕੁੱਝ ਹੁੰਦਾ ਰਿਹਾ ਹੈ?

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਚੋਰਾਂ ਨੇ ਇਕੋ ਰਾਤ ਚਾਰ ਘਰਾਂ ਨੂੰ ਬਣਾਇਆ ਨਿਸ਼ਾਨਾ, 16 ਹਜਾਰ ਦੀ ਨਕਦੀ

ਕਪੂਰਥਲਾ 8 ਫਰਵਰੀ। ਪਿੰਡ ਖੱਸਣ 'ਚ ਇਕੋ ਰਾਤ ਚੋਰਾਂ ਨੇ ਚਾਰ ਘਰਾਂ ਨੂੰ ਨਿਸਾਨਾ ਬਣਾ ਕੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਇਸ ਦੌਰਾਨ ਚੋਰਾਂ ਨੇ ਵੱਖ-ਵੱਖ ਘਰਾਂ 'ਚ ਦਾਖਲ ਹੋ ਕੇ ਕਰੀਬ 16 ਹਜਾਰ ਰੁਪਏ ਦੀ ਨਕਦੀ, ਇਕ ਗੈਸ ਸਿਲੰਡਰ ਅਤੇ 3 ਮੋਬਾਈਲ ਚੋਰੀ ਕਰ ਲਏ। ਚੋਰੀ ਦੀਆਂ ਵਾਰਦਾਤਾਂ ਬਾਰੇ ਲੋਕਾਂ ਨੂੰ ਸਵੇਰੇ ਉੱਠਣ 'ਤੇ ਪਤਾ ਲੱਗਾ। ਲੋਕਾਂ ਨੇ ਇਸ ਦੀ ਸਿ਼ਕਾਇਤ ਥਾਣਾ ਭੁਲੱਥ ਵਿਖੇ ਕੀਤੀ। ਪੁਲਸ ਨੇ ਸਿ਼ਕਾਇਤ ਦੇ ਆਧਾਰ 'ਤੇ ਅਣਪਛਾਤੇ ਵਿਅਕਤੀਆਂ ਖਿ਼ਲਾਫ ਕੇਸ ਦਰਜ ਕਰ ਲਿਆ ਹੈ। ਚਰਨਜੀਤ ਕੌਰ ਪਤਨੀ ਇੰਦਰਜੀਤ ਸਿੰਘ ਵਾਸੀ ਪਿੰਡ ਖੱਸਣ ਨੇ ਪੁਲਸ ਨੂੰ ਦਿੱਤੀ ਸਿ਼ਕਾਇਤ ਵਿਚ ਦੱਸਿਆ ਕਿ 31 ਜਨਵਰੀ ਅਤੇ 1 ਫਰਵਰੀ ਦੀ ਦਰਮਿਆਨੀ ਰਾਤ ਨੂੰ ਉਹ ਅਤੇ ਉਸ ਦਾ ਪਤੀ ਇੰਦਰਜੀਤ ਸਿੰਘ ਦੇ ਇਕ ਕਮਰੇ 'ਚ ਸੁੱਤੇ ਪਏ ਸਨ। ਇਸ ਦੌਰਾਨ ਦੇਰ ਰਾਤ ਚੋਰਾਂ ਨੇ ਕੰਧ ਟੱਪ ਕੇ ਘਰ 'ਚ ਦਾਖਲ ਹੋ ਕੇ ਕਮਰੇ ਦੀ ਅਲਮਾਰੀ 'ਚੋਂ 10 ਹਜਾਰ ਰੁਪਏ ਦੀ ਨਕਦੀ ਅਤੇ ਦੋ ਮੋਬਾਈਲ ਚੋਰੀ ਕਰ ਲਏ ਅਤੇ ਫਰਾਰ ਹੋ ਗਏ . ਚੋਰੀ ਦਾ ਪਤਾ ਉਸ ਨੂੰ ਸਵੇਰੇ ਜਾਗਦਿਆਂ ਹੀ ਲੱਗਾ। ਜਦੋਂ ਉਸ ਨੇ ਚੋਰੀ ਸਬੰਧੀ ਆਪਣੇ ਗੁਆਂਢੀਆਂ ਨੂੰ ਦੱਸਿਆ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਬੀਤੀ ਰਾਤ ਚੋਰਾਂ ਨੇ ਪਿੰਡ ਖਸਿਆਣਾ ਦੇ ਡਾ. ਪਰਮਜੀਤ ਸਿੰਘ ਮੈਂਬਰ ਪੰਚਾਇਤ ਦੇ ਘਰੋਂ 4 ਹਜਾਰ ਰੁਪਏ ਦੀ ਨਕਦੀ ਚੋਰੀ ਕਰ ਲਈ ਹੈ। ਇਸ ਤੋਂ ਇਲਾਵਾ ਚੋਰਾਂ ਨੇ ਬਲਵਿੰਦਰ ਸਿੰਘ ਵਾਸੀ ਸਿਮਰਜੀਤ ਕੌਰ ਦੇ ਘਰੋਂ ਸਿਲੰਡਰ ਅਤੇ 2 ਹਜਾਰ ਰੁਪਏ ਦੀ ਨਕਦੀ ਚੋਰੀ ਕਰ ਲਈ । ਜਤਿੰਦਰ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ ਖਸਿਆਣਾ ਦੇ ਘਰੋਂ ਚੋਰ ਮੋਬਾਈਲ ਚੋਰੀ ਕਰ ਕੇ ਫਰਾਰ ਹੋ ਗਏ . ਪੁਲੀਸ ਨੇ ਉਪਰੋਕਤ ਮਾਮਲਿਆਂ ਵਿਚ ਅਣਪਛਾਤੇ ਵਿਅਕਤੀਆਂ ਖਿ਼ਲਾਫ ਕੇਸ ਦਰਜ ਕਰ ਲਿਆ ਹੈ।

# ਲੱਗਣ ਵਾਲੇ ਕੂੜੇ ਦੇ ਕਾਰਖਾਨੇ ਨੂੰ ਲੈ ਕੇ ਰੀਅਲ ਅਸਟੇਟ ਕਾਰੋਬਾਰੀ ਚੁੱਪ, ਪ੍ਰੇਸ਼ਾਨ ਲੋਕਾਂ ਨੇ ਬਣਾਈ ਯੂਨਾਈਟਿਡ ਰੈਜੀਡੈਂਟ ਫੋਰਮ

ਜਲੰਧਰ 8 ਫਰਵਰੀ। ਸਾਰੇ ਸ਼ਹਿਰ ਦੇ ਸੀਵਰ ਦਾ ਪਾਣੀ ਇਸ ਸਮੇਂ ਜਿਸ ਫੋਲੜੀਵਾਲ ਸੀਵਰੇਜ ਟਰੀਟਮੈਂਟ ਪਲਾਂਟ ਵਿਚ ਜਾ ਰਿਹਾ ਹੈ, ਇਸ ਪਲਾਂਟ ਦੀ ਕੰਧ ਤੋਂ ਹੀ 66 ਫੁੱਟੀ ਰੋਡ ਸ਼ੁਰੂ ਹੁੰਦੀ ਹੈ, ਜਿੱਥੇ ਪਿਛਲੇ ਕੁਝ ਸਮੇਂ ਤੋਂ ਕਾਫੀ ਤੇਜੀ ਨਾਲ ਵਿਕਾਸ ਹੋ ਰਿਹਾ ਹੈ ਅਤੇ ਪ੍ਰਾਪਰਟੀ ਸੈਕਟਰ ਪੂਰੇ ਬੂਮ 'ਤੇ ਹੈ। ਇਥੇ ਸਭ ਤੋਂ ਪਹਿਲਾਂ ਫਲੈਟ ਕਲਚਰ ਵਿਕਸਿਤ ਹੋਇਆ ਅਤੇ ਹੁਣ ਵਿਲਾ ਤੋਂ ਲੈ ਕੇ ਕਈ ਤਰ੍ਹਾਂ ਦੇ ਹਾਊਸਿੰਗ ਪ੍ਰਾਜੈਕਟ ਅਤੇ ਆਲੀਸ਼ਾਨ ਕਾਲੋਨੀਆਂ ਇਥੇ ਡਿਵੈੱਲਪ ਹੋਣ ਲੱਗੀਆਂ ਹਨ। ਇਹ ਵੱਖ ਗੱਲ ਹੈ ਕਿ 66 ਫੁੱਟੀ ਰੋਡ ਦਾ ਪੂਰਾ ਇਲਾਕਾ ਪਿਛਲੇ ਲੰਮੇ ਸਮੇਂ ਤੋਂ ਸੀਵਰੇਜ ਟਰੀਟਮੈਂਟ ਪਲਾਂਟ ਵਿਚੋਂ ਉੱਠਦੀ ਬਦਬੂ ਕਾਰਨ ਕਾਫੀ ਪ੍ਰੇਸ਼ਾਨ ਹੈ ਪਰ ਹੁਣ ਇਥੇ ਨਗਰ ਨਿਗਮ ਨੇ ਕੂੜੇ ਤੋਂ ਖਾਦ ਬਣਾਉਣ ਵਾਲਾ ਕਾਰਖਾਨਾ ਵੀ ਲਾਉਣ ਦਾ ਫੈਸਲਾ ਲਿਆ ਹੈ। ਇਸ ਬਾਬਤ ਸਾਰੀਆਂ ਤਿਆਰੀਆਂ ਹੋ ਚੁੱਕੀਆਂ ਹਨ। ਜਲਦ ਫੋਲੜੀਵਾਲ ਪਲਾਂਟ ਦੇ ਅੰਦਰ ਸ਼ੈੱਡ ਆਦਿ ਬਣਾ ਕੇ ਕੂੜੇ ਤੋਂ ਖਾਦ ਅਤੇ ਵੇਸਟ ਪਲਾਸਟਿਕ ਤੋਂ ਟਾਈਲਾਂ ਆਦਿ ਬਣਾਉਣ ਦਾ ਪ੍ਰਾਜੈਕਟ ਸ਼ੁਰੂ ਕਰ ਦਿੱਤਾ ਜਾਵੇਗਾ। ਮੰਨਿਆ ਜਾ ਰਿਹਾ ਹੈ ਕਿ ਸੀਵਰੇਜ ਟਰੀਟਮੈਂਟ ਪਲਾਂਟ ਵਿਚੋਂ ਉੱਠਦੀ ਬਦਬੂ ਤੋਂ ਬਾਅਦ ਜੇਕਰ ਇਸ ਇਲਾਕੇ ਵਿਚ ਕੂੜੇ ਤੋਂ ਖਾਦ ਬਣਾਉਣ ਵਾਲਾ ਕਾਰਖਾਨਾ ਲੱਗਦਾ ਹੈ ਤਾਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿਚ ਹੋਰ ਵਾਧਾ ਹੋਵੇਗਾ। ਅਜਿਹੀਆਂ ਸਮੱਸਿਆਵਾਂ ਦੀ ਸੰਭਾਵਨਾ ਦੇ



ਬਾਵਜੂਦ 66 ਫੁੱਟੀ ਰੋਡ ਇਲਾਕੇ ਵਿਚ ਪ੍ਰਾਪਰਟੀ ਦਾ ਕਾਰੋਬਾਰ ਕਰਨ ਵਾਲੇ ਰੀਅਲ ਅਸਟੇਟ ਕਾਰੋਬਾਰੀ, ਡਿਵੈੱਲਪਰਸ, ਕਾਲੋਨਾਈਜਰ ਅਤੇ ਪ੍ਰਾਪਰਟੀ ਡੀਲਰ ਆਦਿ ਕੂੜੇ ਦੇ ਕਾਰਖਾਨੇ ਨੂੰ ਲੈ ਕੇ ਕੋਈ ਵਰੋਧ ਨਹੀਂ ਜਾ ਰਹੇ ਅਤੇ ਬਿਲਕੁਲ ਸ਼ਾਂਤ ਬੈਠੇ ਹਨ। ਇਨ੍ਹਾਂ ਰੀਅਲ ਅਸਟੇਟ ਕਾਰੋਬਾਰੀਆਂ ਵੱਲੋਂ ਅੱਜ ਤਕ ਇਕ ਚਿੱਠੀ ਵੀ ਸਬੰਧਤ ਅਥਾਰਿਟੀ ਨੂੰ ਨਹੀਂ ਭੇਜੀ ਗਈ। ਇਸ ਕਾਰਨ ਨਗਰ ਨਿਗਮ ਨੇ ਇਸ ਪ੍ਰਾਜੈਕਟ ਨੂੰ ਲਾਉਣ ਦੀਂ ਤਆਰੀ ਲਗਭਗ ਪੂਰੀ ਕਰ ਲਈ ਹੈ। ਇਸ ਪ੍ਰਾਜੈਕਟ ਲਈ ਨਿਗਮ ਕੋਲ 8 ਕਰੋੜ 40 ਲੱਖ ਰੁਪਏ ਦੀ ਰਕਮ ਵੀ ਆ ਚੁੱਕੀ ਹੈ ਅਤੇ ਕੁਝ ਮਸ਼ੀਨਰੀ ਦੀ ਖਰੀਦ ਤਕ ਹੋ ਚੁੱਕੀ ਹੈ। ਇਸ ਸਬੰਧੀ ਡੀ. ਪੀ. ਆਰ. ਨੂੰ ਚੰਡੀਗੜ੍ਹ ਤੋਂ ਵੀ ਮਨਜ਼ੂਰੀ ਮਿਲ ਚੁੱਕੀ ਹੈ ਅਤੇ ਨਿਗਮ ਨੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੂੰ ਵੀ ਲਿਖ ਕੇ ਦੇ ਦਿੱਤਾ ਹੈ ਕਿ ਸ਼ਹਿਰ ਦੇ ਕੂੜੇ ਦੀ ਸਮੱਸਿਆ ਦਾ ਹੱਲ ਕਰਨ ਲਈ 66 ਫੁੱਟੀ ਰੋਡ 'ਤੇ ਪ੍ਰੋਸੈਸਿੰਗ ਪਲਾਂਟ ਲਾਇਆ ਜਾ ਰਿਹਾ ਹੈ। ਇਸ ਸਮੇਂ 66 ਫੁੱਟੀ ਰੋਡ 'ਤੇ ਜਿਸ ਤਰ੍ਹਾਂ ਨਾਲ ਪ੍ਰਾਪਰਟੀ ਮਾਰਕੀਟ ਵਿਚ ਤੇਜੀ ਹੈ ਅਤੇ ਜਮੀਨਾਂ, ਫਲੈਟਾਂ ਆਦਿ ਦੇ ਭਾਅ ਲਗਾਤਾਰ ਚੜ੍ਹ ਰਹੇ ਹਨ, ਉਸ ਤੋਂ ਲੱਗਦਾ ਹੈ ਕਿ ਪ੍ਰਾਫਿਟ ਬਣਾਉਣ ਦੇ ਚੱਕਰ ਵਿਚ ਪ੍ਰਾਪਰਟੀ ਕਾਰੋਬਾਰੀ ਸ਼ਾਇਦ ਇਹ ਭੁੱਲ ਗਏ ਹਨ ਕਿ ਆਉਣ ਵਾਲੇ ਸਮੇਂ ਵਿਚ ਟਰੀਟਮੈਂਟ ਪਲਾਂਟ ਅਤੇ ਕੂੜੇ ਦੇ ਕਾਰਖਾਨੇ ਕਾਰਨ ਇਸ ਇਲਾਕੇ ਨੂੰ ਕਿਹੜੀਆਂ ਸਮੱਸਿਆਵਾਂ ਨਾਲ ਜੂਝਣਾ ਪਵੇਗਾ। ਫਿਲਹਾਲ ਸਭ ਦਾ ਧਿਆਨ ਪ੍ਰਾਜੈਕਟ ਬਣਾਉਣ, ਇਨਵੈਸਟ ਕਰਵਾਉਣ ਅਤੇ ਮੁਨਾਫਾ ਖਾਣ ਵੱਲ ਹੀ ਲੱਗਾ ਹੋਇਆ ਹੈ। ਖਾਸ ਗੱਲ ਇਹ ਵੀ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਨੇ ਆਪਣੇ ਪੱਧਰ 'ਤੇ ਇਸ ਪਲਾਂਟ ਦਾ ਵਿਰੋਧ ਆਦਿ ਨਹੀਂ ਕੀਤਾ ਹੈ। ਸੱਤਾ ਧਿਰ ਹੋਵੇ ਜਾਂ ਵਿਰੋਧੀ ਸਭ ਇਸ ਮਾਮਲੇ ਨੂੰ ਲੈ ਕੇ ਚੁੱਪ ਬੈਠੇ ਹਨ, ਜਦੋਂ ਕਿ ਇਤਿਹਾਸ ਗਵਾਹ ਹੈ ਕਿ ਸ਼ਹਿਰ ਵਿਚ ਜਦੋਂ ਪਹਿਲਾ ਕੂੜੇ ਦਾ ਕਾਰਖਾਨਾ ਜਮਸ਼ੇਰ ਪਿੰਡ ਵਿਚ ਲੱਗਣ ਜਾ ਰਿਹਾ ਸੀ ਤਾਂ ਉਥੇ ਸਾਰੀਆਂ ਸਿਆਸੀ ਪਾਰਟੀਆਂ ਨੇ ਲਾਮਿਸਾਲ ਵਿਦਰੋਹ ਕੀਤਾ ਸੀ। ਇਸ ਵਾਰ ਅਜਿਹੇ ਵਿਦਰੋਹ ਦੇ ਸੁਰ ਸ਼ਾਂਤ ਬੈਠੇ ਹਨ। ਰੀਅਲ ਅਸਟੇਟ ਕਾਰੋਬਾਰੀਆਂ ਦੀ ਚੁੱਪ ਅਤੇ ਸਮੂਹ ਪਾਰਟੀਆਂ ਦੇ ਆਗੂਆਂ ਵੱਲੋਂ ਕੋਈ ਪ੍ਰਤੀਕਿਰਿਆ ਨਾ ਦੇਣ ਦੇ ਬਾਵਜੂਦ 66 ਫੁੱਟੀ ਰੋਡ ਦੀਆਂ ਵੱਖ-ਵੱਖ ਸੋਸਾਇਟੀਆਂ ਦੇ ਪ੍ਰਤੀਨਿਧੀਆਂ ਨੇ ਕੂੜੇ ਤੋਂ ਖਾਦ ਬਣਾਉਣ ਵਾਲੇ ਪਲਾਂਟ ਨੂੰ ਲਾਉਣ ਦਾ ਵਿਰੋਧ ਸ਼ੁਰੂ ਕਰਦੇ ਹੋਏ ਯੂਨਾਈਟਿਡ ਰੈਜੀਡੈਂਟ ਫੋਰਮ ਦਾ ਗਠਨ ਕੀਤਾ ਹੈ, ਜਿਸਦਾ ਪ੍ਰਧਾਨ ਅਮਿਤ ਤਨੇਜਾ ਨੂੰ ਬਣਾਇਆ ਗਿਆ ਹੈ। ਇਸ ਫੋਰਮ ਦੇ ਜਨਰਲ ਸੈਕਟਰੀ ਕਰਨ ਖਰਬੰਦਾ ਹੋਣਗੇ, ਜਦੋਂ ਐਡਵਾਈਜਰ ਅਜੈਪਾਲ ਸਿੰਘ, ਵਿਸ਼ਵਾਮਿੱਤਰ ਅਰੋੜਾ ਅਤੇ ਖਜਾਨਚੀ ਦਿਨੇਸ਼ ਸਿੰਘ ਨੂੰ ਬਣਾਇਆ ਗਿਆ ਹੈ। ਕੇ. ਜੀ. ਐੱਸ. ਪੰਨੂ ਸਹਿ-ਖਜਾਨਚੀ ਹੋਣਗੇ।

# ਤਨਖਾਹ ਲੈ ਕੇ ਘਰ ਜਾ ਰਹੇ ਦਰਜੀ 'ਤੇ ਚਾਕੂ ਨਾਲ ਹਮਲਾ

ਚੰਡੀਗੜ੍ਹ 8 ਫਰਵਰੀ। ਤਨਖਾਹ ਲੈ ਕੇ ਘਰ ਜਾ ਰਹੇ ਦਰਜੀ 'ਤੇ ਲੁੱਟ ਦੇ ਇਰਾਦੇ ਨਾਲ ਚਾਕੂ ਨਾਲ ਹਮਲਾ ਕਰ ਕੇ ਉਸਨੂੰ ਕਤਲ ਕਰਨ ਦੇ ਮਾਮਲੇ 'ਚ ਫਰਾਰ ਹੋਏ ਤਿੰਨ ਮੁਲਜ਼ਮਾਂ ਨੂੰ ਪੁਲਸ ਨੇ ਵਾਰਦਾਤ ਦੇ ਸਿਰਫ਼ ਚਾਰ ਘੰਟਿਆਂ 'ਚ ਹੀ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮਾਂ ਦੀ ਪਛਾਣ ਪੰਚਕੂਲਾ ਰਾਜੀਵ ਕਾਲੋਨੀ ਦੇ ਰਹਿਣ ਵਾਲੇ ਸਿਕੰਦਰ ਉਰਫ਼ ਪੱਪੂ ਗੰਜੀ (22), ਸਾਹਿਲ ਉਰਫ਼ ਕਾਂਚਾ (19) ਅਤੇ ਪੰਚਕੂਲਾ ਦੇ ਹੀ ਇੰਦਰਾ ਕਾਲੋਨੀ 'ਚ ਰਹਿਣ ਵਾਲੇ ਜੈਪ੍ਰਕਾਸ਼ ਉਰਫ਼ ਕਾਲੂ (21) ਵਜੋਂ ਹੋਈ ਹੈ। ਮੁਲਜ਼ਮਾਂ ਨੇ ਵਾਰਦਾਤ ਨੂੰ ਵੀਰਵਾਰ ਦੇਰ ਸ਼ਾਮ ਉਸ ਸਮੇਂ ਅੰਜਾਮ ਦਿੱਤਾ, ਜਦੋਂ ਦਰਜੀ ਦਾ ਕੰਮ ਕਰਨ ਵਾਲਾ ਸੁਰੇਸ਼ ਕੁਮਾਰ ਜੀਰਕਪੁਰ ਤੋਂ ਮੌਲੀ ਪਿੰਡ ਆਪਣੇ ਘਰ ਆ ਰਿਹਾ ਸੀ। ਸੁਰੇਸ਼ ਆਪਣੇ ਘਰੋਂ 100-150 ਮੀਟਰ ਦੀ ਦੂਰੀ 'ਤੇ ਸੀ ਕਿ ਮੁਲਜ਼ਮਾਂ ਨੇ ਲੁੱਟ ਨੂੰ ਅੰਜਾਮ ਦੇਣ ਲਈ ਉਸਦਾ ਰਸਤਾ ਰੋਕ ਲਿਆ। ਇਸ ਤੋਂ ਬਾਅਦ ਮੁਲਜ਼ਮ ਉਸ 'ਤੇ ਚਾਕੂ ਨਾਲ ਹਮਲਾ ਕਰ ਕੇ ਫ਼ਰਾਰ ਹੋ ਗਏ। ਵਾਰਦਾਤ ਤੋਂ ਤੁਰੰਤ ਬਾਅਦ ਜ਼ਖ਼ਮੀ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਮਾਮਲੇ ਵਿਚ ਮੌਲੀਜਾਗਰਾਂ ਥਾਣਾ ਪੁਲਸ ਨੇ ਮ੍ਰਿਤਕ ਦੇ ਲੜਕੇ ਦੀ ਸ਼ਿਕਾਇਤ 'ਤੇ ਕਤਲ ਦੀਆਂ ਧਾਰਾਵਾਂ ਅਧੀਨ ਕੇਸ ਦਰਜ ਕਰ ਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਜਾਣਕਾਰੀ ਅਨੁਸਾਰ 1 ਫ਼ਰਵਰੀ ਦੀ ਸ਼ਾਮ ਨੂੰ ਮੌਲੀਜਾਗਰਾਂ ਥਾਣਾ ਪੁਲਸ ਨੂੰ ਵਿਅਕਤੀ ਦਾ ਕਤਲ ਹੋਣ ਦੀ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਪੁਲਸ ਨੇ ਮ੍ਰਿਤਕ ਸੁਰੇਸ਼ ਦੇ ਲੜਕੇ ਰੋਹਿਤ ਦੀ ਸ਼ਿਕਾਇਤ 'ਤੇ ਕਤਲ ਦਾ ਮਾਮਲਾ ਦਰਜ



ਕੀਤਾ ਸੀ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਰੋਹਿਤ ਨੇ ਦੱਸਿਆ ਕਿ ਉਹ ਪਿੰਡ ਮੌਲੀ 'ਚ ਰਹਿੰਦਾ ਹੈ। ਉਸਦੇ ਪਿਤਾ ਸੁਰੇਸ਼ ਕੁਮਾਰ ਮਾਇਆ ਗਾਰਡਨ ਜ਼ੀਰਕਪੁਰ 'ਚ ਦਰਜੀ ਦਾ ਕੰਮ ਕਰਦੇ ਹਨ। ਆਮ ਤੌਰ 'ਤੇ ਰੋਜ਼ ਸ਼ਾਮ 7 ਵਜੇ ਘਰ ਵਾਪਸ ਆਉਂਦੇ ਸਨ ਪਰ ਉਸ ਦਿਨ ਘਰ ਨਹੀਂ ਆਏ। ਉਸਦੇ ਪਿਤਾ ਨੂੰ ਦੁਕਾਨ ਤੋਂ ਤਨਖਾਹ ਮਿਲੀ ਸੀ। ਉਹ ਆਪਣੇ ਪਿਤਾ ਦਾ ਇੰਤਜ਼ਾਰ ਕਰ ਰਿਹਾ ਸੀ। ਉਸਨੇ ਕਰਿਆਨੇ ਦਾ ਕੁਝ ਸਾਮਾਨ ਖਰੀਦਣ ਲਈ ਬਾਜ਼ਾਰ ਜਾਣਾ ਸੀ। ਉਹ ਸ਼ਾਮ ਸਾਡੇ 7 ਵਜੇ ਬਾਜ਼ਾਰ ਚਲਾ ਗਿਆ। ਇਸ ਦੌਰਾਨ ਜਦੋਂ ਉਹ ਬਾਵਾ ਪਾਰਕਿੰਗ ਕੋਲ ਪਹੁੰਚਿਆ ਤਾਂ ਦੇਖਿਆ ਕਿ ਤਿੰਨ ਨੌਜਵਾਨਾਂ ਨੇ ਉਸਦੇ ਪਿਤਾ ਨੂੰ ਘੇਰਿਆ ਹੋਇਆ ਸੀ। ਉਹ ਉਨ੍ਹਾਂ ਨੂੰ ਲੁੱਟਣ ਦੀ ਕੋਸ਼ਿਸ਼ ਕਰ ਰਹੇ ਸਨ। ਜਦੋਂ ਉਸਦੇ ਪਿਤਾ ਨੇ ਵਿਰੋਧ ਕੀਤਾ ਤਾਂ ਇਕ ਲੜਕੇ ਨੇ ਉਸਦੇ ਪਿਤਾ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ ਤੇ ਪਿਤਾ ਜ਼ਖ਼ਮੀ ਹੋ ਕੇ ਜ਼ਮੀਨ 'ਤੇ ਡਿੱਗ ਗਏ। ਉਸਨੇ ਇਸਦੀ ਸੂਚਨਾ ਪੁਲਸ ਨੂੰ ਦਿੱਤੀ। ਉਨ੍ਹਾਂ ਨੂੰ ਹਸਪਤਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਸੂਚਨਾ ਤੋਂ ਬਾਅਦ ਮੌਲੀਜਾਗਰਾਂ ਥਾਣਾ ਮੁਖੀ ਸਤਨਾਮ ਸਿੰਘ ਮੌਕੇ 'ਤੇ ਪਹੁੰਚੇ। ਉਨ੍ਹਾਂ ਨੇ ਮੁਲਜ਼ਮਾਂ ਨੂੰ ਫੜ੍ਹਨ ਲਈ ਟੀਮ ਬਣਾਈ, ਜਿਸ ਤੋਂ ਬਾਅਦ ਤਿੰਨਾਂ ਮੁਲਜ਼ਮਾਂ ਖਿ਼ਲਾਫ਼ ਕਤਲ ਦਾ ਮਾਮਲਾ ਦਰਜ ਕਰ ਕੇ ਉਨ੍ਹਾਂ ਨੂੰ ਫੜ੍ਹ ਲਿਆ। ਇਨ੍ਹਾ ਦੇ ਕਬਜ਼ੇ 'ਚੋਂ ਵਾਰਦਾਤ 'ਚ ਵਰਤਿਆਂ ਚਾਕੂ ਵੀ ਬਰਾਮਦ ਕਰ ਲਿਆ ਹੈ।

# ਨਸ਼ੇ ਨੇ ਉਜਾੜਿਆ ਪੁਲਸ ਅਫਸਰ ਦਾ ਘਰ, ਪੁੱਤ ਦੀ ਓਵਰਡੋਜ ਨਾਲ ਮੌਤ

ਹੁਸ਼ਿਆਰਪੁਰ 8 ਫਰਵਰੀ। ਨਸ਼ਾ ਕਿਵੇਂ ਕਿਸੇ ਹੱਸਦੇ-ਖੇਡਦੇ ਪਰਿਵਾਰ ਨੂੰ ਤਬਾਹ ਕਰ ਸਕਦਾ ਹੈ, ਇਸ ਦਾ ਅੰਦਾਜਾ ਲਗਾਉਣਾ ਬੇਹੱਦ ਮੁਸ਼ਕਿਲ ਹੈ। ਸ਼ਹਿਰ ਦਾ ਇਕ ਪਰਿਵਾਰ ਆਪਣੇ ਪੁੱਤ ਦੇ ਨਸ਼ੇ ਦੇ ਕਾਰਨ ਹੀ ਖਤਮ ਹੋ ਗਿਆ ਅਤੇ ਉਸ ਦੇ ਵਿਦੇਸ਼ ਵਿਚ ਰਹਿੰਦੇ ਭਰਾ-ਭੈਣ ਨੇ ਵੀ ਦੇਸ਼ ਦੇ ਜੱਦੀ ਘਰ ਵਿਚ ਕਦੇ ਰੁਖ ਨਹੀਂ ਕੀਤਾ। ਸੰਕਰ ਨਗਰ ਇਲਾਕੇ ਦੇ ਰਹਿਣ ਵਾਲੇ ਰਮਨ (ਕਾਲਪਨਿਕ ਨਾਮ) ਦੀ ਸਾਲ 2020 ਵਿੱਚ ਘਰ ਵਿੱਚ ਬੈੱਡ ਉੱਤੇ ਓਵਰਡੋਜ ਲੈਣ ਕਾਰਨ ਮੌਤ ਹੋ ਗਈ ਸੀ। ਪੁੱਤ ਦੇ ਗਮ ਵਿਚ ਉਸ ਦੀ ਮਾਂ ਕੌਸੱਲਿਆ ਦੇਵੀ ਨੇ ਅੱਖਾਂ ਦੀ ਰੌਸਨੀ ਗੁਆ ਦਿੱਤੀ ਅਤੇ ਫਿਰ ਉਸ ਦੀ ਵੀ ਮੌਤ ਹੋ ਗਈ। ਕੁਝ ਦਿਨਾਂ ਬਾਅਦ ਉਸ ਦੇ ਪਿਤਾ ਦੀ ਵੀ ਮੌਤ ਹੋ ਗਈ। ਅਮਰੀਕਾ ਰਹਿੰਦੇ ਉਸ ਦੇ ਭਰਾ ਅਤੇ ਭੈਣ ਨੇ ਫੋਨ 'ਤੇ ਦੱਸਿਆ ਕਿ ਉਨ੍ਹਾਂ ਦੇ ਮਾਤਾ-ਪਿਤਾ ਦੀ ਵੀ ਉਨ੍ਹਾਂ ਦੇ ਭਰਾ ਦੇ ਨਸੇ ਕਾਰਨ ਮੌਤ ਹੋ ਗਈ ਸੀ। ਮਰਨ ਤੋਂ ਪਹਿਲਾਂ ਰਮਨ ਨਸਾ ਛੱਡਣਾ ਚਾਹੁੰਦਾ ਸੀ ਪਰ ਉਸ ਦੇ ਦੋਸਤ ਉਸ ਨੂੰ ਅਜਿਹਾ ਕਰਨ ਤੋਂ ਰੋਕਦੇ ਸਨ ਅਤੇ ਘਰ ਵਿਚ ਹੀ ਉਸ ਨੂੰ ਨਾਰਫਿਨ ਅਤੇ ਮੋਰਫਿਨ ਦੇ ਟੀਕੇ ਲਗਾਉਂਦੇ ਸਨ। ਇਸ ਕਾਰਨ ਨਸੇ ਵਿੱਚ ਧੁੱਤ ਉਸ ਦੀ ਘਰ ਵਿੱਚ ਹੀ ਮੌਤ ਹੋ ਗਈ। ਅਸੀਂ ਪਹਿਲਾਂ ਮੇਰੇ ਭਰਾ ਨੂੰ ਨਸਾ ਛੁਡਾਊ ਕੇਂਦਰ ਵਿੱਚ ਦਾਖਲ ਕਰਵਾਇਆ ਸੀ ਪਰ ਉਸ ਦੇ ਦੋਸਤ ਅਜਿਹਾ ਨਹੀਂ ਚਾਹੁੰਦੇ ਸਨ ਕਿ ਉਹ ਨਸ਼ਾ ਛੱਡੇ। ਅਸੀਂ ਵਿਦੇਸਾਂ ਤੋਂ ਪੈਸੇ ਭੇਜਦੇ ਸੀ ਤਾਂ ਜੋ ਉਹ ਚੰਗੀ ਜਿ਼ੰਦਗੀ ਜੀਅ ਸਕੇ ਪਰ ਸਾਨੂੰ ਨਹੀਂ ਪਤਾ ਸੀ ਕਿ ਉਹ ਸਾਰਾ ਪੈਸਾ ਨਸਿ਼ਆਂ 'ਤੇ ਖਰਚ ਕਰ ਰਿਹਾ ਹੈ। ਸਾਡੇ ਪਿਤਾ ਇਕ ਪੁਲਸ ਅਫਸਰ ਸਨ ਅਤੇ ਭਰਾ ਰਮਨ ਨੂੰ ਹਮੇਸਾ ਨਸਾ ਛੱਡਣ ਲਈ ਪ੍ਰੇਰਿਤ ਕਰਦੇ ਸਨ। ਰਮਨ ਹਰ ਵਾਰ ਪਿਤਾ ਦੀਆਂ ਨਜਰਾਂ ਨੂੰ ਉੱਚ ਅਧਿਕਾਰੀਆਂ ਝੁਕਾ ਦਿੰਦੇ ਸੀ, ਜਿਸ ਕਾਰਨ ਉਨ੍ਹਾਂ ਦੀ ਡਿਊਟੀ ਕਰਦੇ ਦੌਰਾਨ ਮੌਤ ਹੋ ਗਈ। ਰਮਨ ਨੇ ਵੀ ਨਸੇ ਦੀ ਪੂਰਤੀ ਲਈ ਘਰ ਅਤੇ ਹੋਰ ਥਾਵਾਂ 'ਤੇ ਚੋਰੀਆਂ ਕਰਨੀਆਂ ਸੁਰੂ ਕਰ ਦਿੱਤੀਆਂ ਸਨ। ਇਸ ਦੌਰਾਨ ਹਿਮਾਲੀਅਨ ਫਾਊਂਡੇਸਨ ਨੇ ਉਸ ਨੂੰ ਬਚਾਇਆ ਅਤੇ ਨਸਿ਼ਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਉਸ ਨੂੰ ਸਲਾਹ ਦਿੱਤੀ ਪਰ ਫਿਰ ਵੀ ਉਹੀ ਦੋਸਤਾਂ ਨੇ ਉਸ ਨੂੰ ਨਸਾ ਛੱਡਣ ਨਹੀਂ ਦਿੱਤਾ। ਕਿਉਂਕਿ ਉਸ ਨੂੰ ਪਤਾ ਸੀ ਕਿ ਭਰਾ ਵਿਦੇਸ ਤੋਂ ਪੈਸੇ ਭੇਜਦਾ ਹੈ। ਅਖੀਰ ਨਸੇ ਕਾਰਨ ਘਰ ਵਿੱਚ ਹੀ ਉਸ ਦੀ ਮੌਤ ਹੋ ਗਈ। ਕਈ ਮਹੀਨਿਆਂ ਤੋਂ ਘਰ ਨੂੰ ਤਾਲਾ ਲੱਗਿਆ ਹੋਇਆ ਸੀ। ਹੁਣ ਰਿਸਤੇਦਾਰਾਂ ਨੇ ਉੱਥੇ ਰਹਿਣਾ ਸੁਰੂ ਕਰ ਦਿੱਤਾ ਹੈ।

## ਡਾਕਖਾਨੇ 'ਚੋਂ ਸੇਫ ਦੇ ਤਾਲੇ ਤੋੜ ਕੇ ਚੋਰੀ ਕੀਤੀ ਹਜਾਰਾਂ ਰੁਪਏ ਦੀ ਨਕਦੀ

ਨਵਾਂਸ਼ਹਿਰ 8 ਫਰਵਰੀ। ਡਾਕਖਾਨੇ ਦੀ ਸੇਫ ਦੇ ਤਾਲੇ ਤੋੜ ਕੇ 28,773 ਰੁਪਏ ਦੀ ਨਕਦੀ ਚੋਰੀ ਕਰਨ ਵਾਲੇ ਅਣਪਛਾਤੇ ਵਿਅਕਤੀ ਖਿ਼ਲਾਫ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਥਾਣਾ ਸਦਰ ਬਲਾਚੌਰ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਚਮਨ ਲਾਲ ਪੁੱਤਰ ਹਰੀ ਚੰਦ ਵਾਸੀ ਨਿਆਣਾ ਬੇਟ, ਬਲਾਚੌਰ ਥਾਣਾ ਬਲਾਚੌਰ ਨੇ ਦੱਸਿਆ ਕਿ ਉਹ ਸਾਹਿਬਾ ਸਥਿਤ ਡਾਕਖਾਨੇ 'ਚ ਸਬ-ਪੋਸਟ ਮਾਸਟਰ ਵੱਜੋਂ ਕੰਮ ਕਰਦਾ ਹੈ। ਉਹ ਬੀਤੀ ਸ਼ਾਮ ਦਫ਼ਤਰ ਬੰਦ ਕਰਕੇ ਚਲਾ ਗਿਆ ਸੀ। ਅਗਲੇ ਦਿਨ ਜਦੋਂ ਸਵੇਰੇ ਪੌਣੇ 9 ਵਜੇ ਦਫ਼ਤਰ ਪਹੁੰਚਿਆ ਤਾਂ ਦਫ਼ਤਰ ਦੇ ਤਾਲੇ ਟੁੱਟੇ ਹੋਏ ਸਨ ਅਤੇ ਅੰਦਰ ਸੇਫ਼ ਵਿਚ ਪਈ 28,773 ਰੁਪਏ ਦੀ ਰਾਸ਼ੀ ਗਾਇਬ ਸੀ।

## ਭੰਨਤੋੜ ਕਰਨ ਵਾਲਿਆਂ ਨੂੰ ਨੁਕਸਾਨ ਦੀ ਭਰਪਾਈ ਕਰਨ 'ਤੇ ਹੀ ਮਿਲੇ ਜਮਾਨਤ


ਨਵੀਂ ਦਿੱਲੀ 8 ਫਰਵਰੀ। ਕਾਨੂੰਨ ਕਮਿਸ਼ਨ ਵਲੋਂ ਇਹ ਸਿਫਾਰਿਸ਼ ਕੀਤੇ ਜਾਣ ਦੀ ਸੰਭਾਵਨਾ ਹੈ ਕਿ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਾਲੇ ਲੋਕਾਂ ਨੂੰ ਉਦੋਂ ਜਮਾਨਤ ਮਿਲੇ, ਜਦ ਉਹ ਉਨ੍ਹਾਂ ਵਲੋਂ ਕੀਤੇ ਨੁਕਸਾਨ ਦੇ ਬਰਾਬਰ ਧਨ ਰਾਸ਼ੀ ਜਮਾਂ ਕਰਵਾ ਦੇਣ। ਅਜਿਹਾ ਪਤਾ ਲੱਗਾ ਹੈ ਕਿ ਕਾਨੂੰਨ ਕਮਿਸ਼ਨ 'ਜਨਤਕ ਜਾਇਦਾਦ ਨੁਕਸਾਨ ਨਿਵਾਰਨ ਕਾਨੂੰਨ' 'ਚ ਬਦਲਾਅ ਦੀ ਸਿਫਾਰਿਸ਼ ਕਰਦੇ ਹੋਏ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਾਲੇ ਲੋਕਾਂ ਲਈ ਸਖਤ ਜਮਾਨਤ ਵਿਵਸਥਾਵਾਂ ਦਾ



ਮਤਾ ਰੱਖ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਜੇ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਾਲੇ ਲੋਕਾਂ ਨੂੰ ਉਨ੍ਹਾਂ ਵਲੋਂ ਨਸ਼ਟ ਕੀਤੀ ਗਈ ਜਾਇਦਾਦ ਦੇ ਮੁੱਲ ਦੇ ਬਰਾਬਰ ਦੀ ਰਕਮ ਦਾ ਭੁਗਤਾਨ ਕਰਨਾ ਪੈਂਦਾ ਹੈ ਤਾਂ ਹੋਰ ਲੋਕ ਵੀ ਇਸ ਤਰ੍ਹਾਂ ਦੇ ਕਾਰੇ ਕਰਨ ਤੋਂ ਬਚਣਗੇ। ਸਰਕਾਰ ਨੇ 2015 'ਚ ਇਸ ਕਾਨੂੰਨ 'ਚ ਸੋਧ ਦਾ ਮਤਾ ਰੱਖਿਆ ਸੀ ਪਰ ਇਸ ਸਬੰਧੀ ਕੋਈ ਬਿੱਲ ਪੇਸ਼ ਨਹੀਂ ਕੀਤਾ ਗਿਆ ਸੀ। ਕਮਿਸ਼ਨ ਨੇ ਸੁਪਰੀਮ ਕੋਰਟ ਦੇ ਕੁਝ ਨਿਰਦੇਸ਼ਾਂ ਅਤੇ ਕੁਝ ਹਾਈ ਕੋਰਟਾਂ ਦੇ ਫੈਸਲਿਆਂ ਦੇ ਮੱਦੇਨਜਰ ਇਸ ਮਾਮਲੇ ਨੂੰ ਆਪਣੇ ਹੱਥ 'ਚ ਲਿਆ ਹੈ।

## ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਤੇ ਸਬੰਧਤ ਤਤਕਾਲੀ ਪੁਲਸ ਅਧਿਕਾਰੀਆਂ ਨੂੰ ਨੋਟਿਸ

ਅੰਮ੍ਰਿਤਸਰ 8 ਫਰਵਰੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਮਾਮਲੇ ਵਿਚ ਪੰਜਾਬ ਪੁਲਸ ਦੇ ਸਬੰਧਤ ਤਤਕਾਲੀ ਅਧਿਕਾਰੀਆਂ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ 9 ਅਪ੍ਰੈਲ 2024 ਨੂੰ ਅਗਲੀ ਸੁਣਵਾਈ ਤੈਅ ਕੀਤੀ ਹੈ। ਮਾਨਯੋਗ ਉੱਚ ਅਦਾਲਤ ਵਿਚ ਜਥੇਦਾਰ ਕਾਉਂਕੇ ਦੇ ਪਰਿਵਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਹ ਪਟੀਸ਼ਨ ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ ਰਾਹੀਂ ਦਾਇਰ ਕੀਤੀ ਗਈ ਸੀ। ਇਸ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਕਾਨੂੰਨੀ ਵਿੰਗ ਦੇ ਮੁਖੀ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ



ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਸਬੰਧੀ ਸਾਬਕਾ ਆਈ. ਪੀ. ਐੱਸ. ਬੀ. ਪੀ. ਤਿਵਾੜੀ ਦੀ ਰਿਪੋਰਟ ਸਾਹਮਣੇ ਆਉਣ ਮਗਰੋਂ ਮਾਨਯੋਗ ਉੱਚ ਅਦਾਲਤ ਵਿੱਚ ਪਾਈ ਪਟੀਸ਼ਨ 'ਤੇ ਅਹਿਮ ਸੁਣਵਾਈ ਹੋਈ ਹੈ, ਜਿਸ ਤਹਿਤ ਪੰਜਾਬ ਸਰਕਾਰ ਅਤੇ ਸਬੰਧਤ ਪੁਲਸ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਤਤਕਾਲੀ ਪੁਲਸ ਅਫ਼ਸਰਾਂ ਵੱਲੋਂ ਮਾਨਯੋਗ ਉੱਚ ਅਦਾਲਤ ਅੰਦਰ ਉਸ ਸਮੇਂ ਗਲਤ ਹਲਫਨਾਮੇ ਦਾਇਰ ਕਰ ਕੇ ਇਹ ਕਿਹਾ ਗਿਆ ਸੀ ਕਿ ਜਥੇਦਾਰ ਕਾਉਂਕੇ ਪੁਲਸ ਹਿਰਾਸਤ ਵਿਚ ਨਹੀਂ ਹਨ। ਇਸ ਨੂੰ ਚੁਣੌਤੀ ਦਿੰਦਿਆਂ ਜਥੇਦਾਰ ਕਾਉਂਕੇ ਦੇ ਪਰਿਵਾਰ ਰਾਹੀਂ ਪਾਈ ਪਟੀਸ਼ਨ 'ਤੇ ਉੱਚ ਅਦਾਲਤ ਨੇ ਮਾਮਲੇ 'ਤੇ ਸੁਣਵਾਈ ਸ਼ੁਰੂ ਕਰਦਿਆਂ ਨੋਟਿਸ ਜਾਰੀ ਕੀਤੇ ਹਨ।

# ਉਮਰ 71 ਸਾਲ, ਹੁਣ ਤੱਕ 2920 ਲਾਸ਼ਾਂ ਦਾ ਕੀਤਾ ਸਸਕਾਰ

ਚੰਡੀਗੜ੍ਹ 8 ਫਰਵਰੀ। ਸਮਾਜ ਸੇਵਾ ਕਿਸੇ ਵੀ ਰੂਪ 'ਚ ਕੀਤੀ ਜਾ ਸਕਦੀ ਹੈ ਅਤੇ ਜੇਕਰ ਸੇਵਾ ਜਨੂੰਨ ਬਣ ਜਾਵੇ ਤਾਂ ਇਹ ਦੂਜਿਆਂ ਲਈ ਪ੍ਰੇਰਣਾ ਦਾ ਸਰੋਤ ਹੋ ਨਿਬੜਦੀ ਹੈ। ਕੁਝ ਇਹੋ ਜਿਹੀ ਵੱਖਰੀ ਸੇਵਾ ਨਾਲ ਪਿਛਲੇ 26 ਸਾਲ ਤੋਂ ਜੁੜੇ ਹੋਏ ਹਨ ਸਮਾਜ ਸੇਵੀ ਮਦਨ ਲਾਲ ਵਸ਼ਿਸ਼ਟ, ਜੋ ਲਾਵਾਰਿਸ ਲਾਸ਼ਾਂ ਦੇ ਸਸਕਾਰ ਨੂੰ ਪੂਰੀ ਤਨਦੇਹੀ ਅਤੇ ਬਿਨ੍ਹਾਂ ਕਿਸੇ ਸਵਾਰਥ ਦੇ ਨਿਭਾਅ ਰਹੇ ਹਨ। ਮਦਨ ਲਾਲ ਵਸ਼ਿਸ਼ਟ ਨਾਲ 'ਜਗ ਬਾਣੀ', ਪੰਜਾਬ ਕੇਸਰੀ ਅਤੇ ਨਵੋਦਿਆ ਟੀਮ ਨੇ ਗੱਲਬਾਤ ਕੀਤੀ ਤਾਂ ਹੈਰਾਨ ਕਰ ਦੇਣ ਵਾਲੀਆਂ ਗੱਲਾਂ ਸਾਹਮਣੇ ਆਈਆਂ। ਗੱਲਬਾਤ ਦੌਰਾਨ ਮਦਨ ਲਾਲ ਵਸ਼ਿਸ਼ਟ ਨੇ ਕਿਹਾ ਕਿ ਉਨ੍ਹਾਂ ਦੀ ਉਮਰ 71 ਵਰ੍ਹੇ ਹੈ ਅਤੇ ਉਹ 26 ਸਾਲਾਂ ਤੋਂ ਲਾਵਾਰਿਸ ਲਾਸ਼ਾਂ ਦੇ ਅੰਤਿਮ ਸੰਸਕਾਰ ਦੀ ਸੇਵਾ ਨਾਲ ਜੁੜੇ ਹੋਏ ਹਨ। ਉਨ੍ਹਾਂ ਦੱਸਿਆ ਕਿ ਆਲ ਇੰਡੀਆ ਸੇਵਾ ਸੋਸਾਇਟੀ ਨਾਂ ਦੀ ਸੰਸਥਾ ਪਹਿਲਾਂ ਤੋਂ ਹੀ ਇਸ ਕਾਰਜ 'ਚ ਲੱਗੀ ਹੋਈ ਸੀ। ਇਸ ਸੇਵਾ 'ਚ ਪਹਿਲਾਂ ਦੋ ਸੇਵਾਦਾਰ ਕੰਮ ਕਰ ਰਹੇ ਸਨ, ਜਿਨ੍ਹਾਂ 'ਚੋਂ ਇਕ ਦੀ ਮੌਤ ਹੋ ਚੁੱਕੀ ਹੈ, ਜਦੋਂਕਿ ਦੂਜਾ ਸਾਥੀ ਸੇਵਾਮੁਕਤ ਹੋ ਚੁੱਕਾ ਹੈ। ਮਦਨ ਲਾਲ ਨੇ ਦੱਸਿਆ ਕਿ ਹੁਣ ਹੋਰ ਸਾਥੀ ਇਸ ਸੇਵਾ 'ਚ ਨਿਰੰਤਰ ਕਾਰਜਸ਼ੀਲ ਹਨ। ਮਦਨ ਲਾਲ ਵਸ਼ਿਸ਼ਟ ਨੇ ਦੱਸਿਆ ਕਿ ਹੁਣ ਤਕ 26 ਸਾਲਾਂ ਦੇ ਵਕਫੇ ਦੌਰਾਨ ਲਾਵਾਰਿਸ਼ ਲਾਸ਼ਾਂ ਮਿਲਣ ਦੇ ਕਈ ਮਾਮਲੇ ਸਾਹਮਣੇ ਆਏ ਹਨ ਅਤੇ ਉਨ੍ਹਾਂ ਵਲੋਂ 2920 ਲਾਸ਼ਾਂ ਦਾ ਅੰਤਿਮ ਸੰਸਕਾਰ ਕੀਤਾ ਜਾ ਚੁੱਕਾ ਹੈ। ਸਸਕਾਰ ਤੋਂ ਬਾਅਦ ਫੁੱਲ ਤਾਰਨ ਦੀ ਰਸਮ ਹਰਿਦੁਆਰ ਜਾ ਕੇ ਕੀਤੀ ਜਾਂਦੀ ਹੈ। ਮਦਨ ਲਾਲ ਨੇ ਇਹ ਵੀ ਕਿਹਾ ਕਿ ਜੇਕਰ ਕੋਈ ਵੀ ਸਾਥੀ ਇਸ ਕਾਰਜ 'ਚ ਉਨ੍ਹਾਂ ਦੇ ਨਾਲ ਸਹਿਯੋਗ ਰੂਪ 'ਚ ਜੁੜਨਾ ਚਾਹੁੰਦਾ ਹੈ ਤਾਂ ਆ ਸਕਦਾ ਹੈ। ਮਦਨ ਲਾਲ ਨੇ ਦੱਸਿਆ ਕਿ ਲਾਸ਼ਾਂ ਦੇ ਸਸਕਾਰ ਦੀ ਸੇਵਾ 1997 ਤੋਂ ਲਗਾਤਾਰ ਜਾਰੀ ਹੈ। ਇਸ ਕੰਮ 'ਚ ਉਨ੍ਹਾਂ ਦੀ ਇਕ ਪੁਰਾਣੀ ਸੰਸਥਾ ਦਾ ਬਹੁਤ ਯੋਗਦਾਨ ਹੈ ਅਤੇ ਉਸੇ ਨੂੰ ਉਨ੍ਹਾਂ ਦੇ ਸਾਥੀ ਜਾਰੀ ਰੱਖ ਰਹੇ ਹਨ। 1997 'ਚ ਮਦਨ ਲਾਲ ਵਲੋਂ ਪਹਿਲੀ ਲਾਵਾਰਿਸ ਲਾਸ਼ ਦਾ ਸਸਕਾਰ ਕੀਤਾ ਗਿਆ ਸੀ ਅਤੇ ਫਿਰ ਇਹ ਕਾਰਜ ਜਨੂੰਨ ਬਣ ਗਿਆ। ਮਦਨ ਲਾਲ ਵਸ਼ਿਸ਼ਟ ਨੇ ਦੱਸਿਆ ਕਿ ਇਸ ਸੇਵਾ 'ਚ ਉਨ੍ਹਾਂ ਨਾਲ ਇਕ ਮਹਿਲਾ ਪੁਲਸ ਮੁਲਾਜਮ ਵੀ ਜੁੜੀ ਹੋਈ ਹੈ, ਜੋ ਕਈ ਵਾਰ ਸਮੇਂ ਦੀ ਕਮੀ ਕਰ ਕੇ ਸੈਕਟਰ-32 ਦੀਆਂ ਲਾਵਾਰਿਸ ਲਾਸ਼ਾਂ ਉਨ੍ਹਾਂ ਦੇ ਸਪੁਰਦ ਕਰ ਦਿੰਦੀ ਹੈ। ਮਦਨ ਲਾਲ ਵਸ਼ਿਸ਼ਟ ਨੇ ਦੱਸਿਆ ਕਿ ਜਦੋਂ ਇਹ ਸੇਵਾ ਸ਼ੁਰੂ ਕੀਤੀ ਗਈ ਸੀ ਤਾਂ 3 ਸਾਲ ਤਕ ਇਸ ਬਾਰੇ ਕਿਸੇ ਨੂੰ ਵੀ ਪਤਾ ਨਹੀਂ ਲੱਗਿਆ ਪਰ ਉਹ ਸੇਵਾ ਕਰਦੇ ਰਹੇ ਅਤੇ ਨਾ ਹੀ ਉਨ੍ਹਾਂ ਇਸਦੀ ਕੋਈ ਮਸ਼ਹੂਰੀ ਕੀਤੀ। ਸਸਕਾਰ ਲਈ ਗੱਡੀ ਅਤੇ ਕੱਪੜੇ ਦਾ ਜੋ ਵੀ ਬਿੱਲ ਆਉਂਦਾ ਹੈ, ਉਹ ਸਾਰਾ ਨਗਰ ਨਿਗਮ ਵਲੋਂ ਦਿੱਤਾ ਜਾਂਦਾ ਹੈ ਪਰ ਹਰਿਦੁਆਰ ਵਿਖੇ ਕੀਤੀ ਜਾਣ ਵਾਲੀ ਸੇਵਾ ਦਾ ਖਰਚਾ ਉਹ ਆਪ ਕਰਦੇ ਹਨ। ਕਈ ਵਾਰ ਸਮਾਜ ਸੇਵੀਆਂ ਤੋਂ ਦਾਨ ਵੀ ਲੈ ਲਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਲੰਘੇ ਸਾਲ 2023 ਦੇ ਦਸੰਬਰ ਮਹੀਨੇ 'ਚ ਸਭ ਤੋਂ ਵੱਧ 21 ਲਾਸ਼ਾਂ ਦਾ ਸਸਕਾਰ ਕੀਤਾ ਗਿਆ। ਇਸ ਤੋਂ ਬਾਅਦ 2024 ਦੇ ਪਹਿਲੇ ਮਹੀਨੇ ਜਨਵਰੀ 'ਚ 6 ਲਾਸ਼ਾ ਦਾ ਸਸਕਾਰ ਕੀਤਾ। ਮਦਨ ਲਾਲ ਵਸ਼ਿਸ਼ਟ ਨੇ ਕਿਹਾ ਕਿ ਇਹ ਸੇਵਾ ਨਿਰੰਤਰ ਜਾਰੀ ਹੈ


**NAME CHANGE**

I, Rajwati w/o Mukesh Kumar Chauhan r/o 178 wno 2 thakurwada faridabad haryana have change name to RAJWATI CHAUHAN for all purposes

**PUBLIC NOTICE**

I, SHAKTI SINGH RAJVI S/o Shri INDER SINGH, Permanent R/o Mitasar House, Near Saint Public School, Old Ginnani, Bikaner Rajasthan-334001, presently residing at AGI Bhawan, Rao Tula Ram Marg, PO-Vasant Vihar, Post Bag No.14, New Delhi-110057, have changed the name of my minor daughter TANISHTHA RAJVI aged 13 years and she shall hereafter be known as ADVAITA KANWAR.

**NAME CHANGE**

I, AKASH KUMAR KASHYAP S/O DALBIR SINGH residing at H NO-177 KUMHAR WALI GALI SULTANPUR EXTENSION GADAI PUR DELHI-110030 have changed my name to AKASH KASHYAP for all future purpose.

**NAME CHANGE**

I, Rekha Devi W/O Nitin Kumar R/o flat no 804 Pent house Himalaya Tower Plot No. 15, Ahinsa Khand-2 Indirapuram Ghaziabad Uttar Pradesh-201014 have changed my name to Rekha Singh for all future purposes.

**NAME CHANGE**

I, Gaurav S/o Satish Gupta R/o E-2/576, Gali No.2, 4 Pusta, Sonia Vihar, Karawal Nagar, Delhi-110094 have changed my name from Gaurav to Gaurav Gupta for all future purposes.

**NOTICE**

Public at large is hereby informed that (1) Smt. Kanti Devi (2) Sh. Vipin Kumar Singh & (3) Sh. Mohit Kumar are legal heirs of Sh. Kuldeep Singh who was the owner of House No.B-34, Second Floor, area measuring 83.61 sq. mts., i.e 100 sq. yds., Situated in Shalimar Housing Complex, Shalimar Gardan Ghaziabad U.P. vide Sale Deed dated 31/03/2023 executed by Smt. Parvati Devi W/o Sh. Narayan Dutt in favour of Sh. Kuldeep Singh S/o Late Sh. Bhudev Singh (Doc No.3091, Book No.1, Vol No.19836, Page No.229-258, SR-Sadar I GZB)(House No.B-34, Roof on First Floor area measuring 83.61 sq. mts.) initially, Mahalakshmi Land & Finance Co. Private Ltd. was the recorded owner of the said property, who executed Payment Receipt dated 07/05/1990 in favour of Sumesh Bijlani, who executed Regd. GPA dated 05/10/1990 in favour of Sh. Sri Chand B Bijlani who executed Notarized SPA dated 08/07/1998 in favour of Sh. Narain Dutt S/o Late Sh. Tika Ram who executed Notarized GPA & Notarized Will dated 10/08/2012 in favour of Smt. Parvati Devi W/o Sh. Narayan Dutt who executed Sale Deed dated 31/03/2023 in favour of Sh. Kuldeep Singh S/o Late Sh. Bhudev Singh (Doc No.3091), who died leaving behind legal heirs (1) Smt. Kanti Devi (2) Sh. Vipin Kumar Singh & (3) Sh. Mohit Kumar who intends to sell Second Floor to intended Borrower who shall further mortgage the said property with ICICI Home Finance Co. Ltd. Whosoever, is having any objection to the said mortgage or anyone has claim or right or interest in the property shall contact the undersigned with the objection within 07 days failing which it shall be presumed that there stands no objections.

NEW DELHI
DATE: 7/2/2024

**PRAGYA BHUSHAN ADVOCATE**
Enrl. No. D/721/02
Office: L-27,GF, Kailash Colony, New Delhi-48
Mob.: 9968006418

**NAME CHANGE**

I, KAMLESH W/O SHRI MAHENDER AGGARWAL R/O NEAR RAILWAY ROAD, HODAL HARYANA, HAVE CHANGE NAME TO KAMLESH AGGARWAL FOR ALL PURPOSES.

**NAME CHANGE**

I, Mukesh Kumar s/o mehar Chand Chauhan r/o 178;wno 2 thakurwada faridabad haryana have change name to Mukesh Kumar Chauhan for all purpose

**NAME CHANGE**

I, R SASIDHARAN PILLAI father of No-15329026H Rank-HAV, Name-SUBHASH S presently residing at SUDHEESH BHAVANAM, VILL-PORUVAZHY, PO-EDAKKADU, TEH-KUNNATHUR, DISTT-KOLLAM, KERALA-691552 have changed my name from R SASIDHARAN PILLAI to SASIDHARAN PILLAI for all future purposes and in my son's service records my date of birth wrongly mentioned as 01/07/1956 instead of my correct date of birth as 01/01/1954 Vide Affidavit dated 07/02/2024 before Notary Public Delhi.

**NAME CHANGE**

I, Reetu Raj S/o Sh. Ajay Kumar Singh R/o Rz-341a, D1-66, Raj Nagar Part-2, Palam Colony, New Delhi, Delhi- 110077 Have Changed My Name from Ritu Raj to Reetu Raj for All Future Purpose.

**NAME CHANGE**

I, hitherto known as JOSEPH S/o KAPMINTHANG residing at House No. 1, Block - H, Majnu Ka Tila, Civil Lines, Delhi, Delhi - 110054 have changed my name and shall hereafter be known as KARMA NAMGYAL. I have changed my name only not my religion.

**NAME CHANGE**

I, MAHENDER KUMAR S/O SHRI CHAND R/O NEAR RAILWAY ROAD, HODAL, HARYANA, HAVE CHANGE MY NAME TO MAHENDAR KUMAR AGGARWAL FOR ALL PURPOSES.

**NAME CHANGE**

I, P NAGARJUNA REDDY son of JC-442030M Rank-SUB Name-MADHAVA REDDY PARVATHA residing at DOOR NO. 6-14-67/7C, PANDU RANGA REDDY NAGAR, OPP. RAINBOW E M SCHOOL, GIDDALUR, DIST- PRAKASAM, ANDHRA PRADESH-523357 have changed my name from P NAGARJUNA REDDY to PARVATHA NAGARJUNA REDDY for all future purposes vide Affidavit Dated 07/02/2024 before Notary Public, Delhi.

**NAME CHANGE**

It is for general information that I,SUKHDEV SINGH NEGI S/o Late B.S Negi, R/o H.No.B-86, Phase-1, Aya Nagar Cly, South Delhi, Delhi-110047, declare that name of mine has been wrongly written as SUKHDEV SINGH in my PPO No.IITD/E-II/2013/1834. The actual name of mine is SUKHDEV SINGH NEGI , which may be amended accordingly

**NAME CHANGE**

I, SHAILENDER KUMAR SRIVASTAVA S/O REVATI RAMAN PRASAD residing at A-179, G.FLOOR, BLOCK-A, GALI NO-5, FRIENDS ENCLAVE, MUNDKA DELHI-110041 have changed my name to SHAILENDRA SRIVASTAVA permanently.

**NAME CHANGE**

I, pradeep singh S/O bachan singh residing at 558 g bank colony near bandh pushpa bhawan delhi-110062 have changed my name to pradeep singh negi for all future purpose.

**NAME CHANGE**

I, SANTOSHI KUMARI SINGH spouse of RAKESH KUMAR presently residing at VILL-PAHARPUR, PO-LOHCHI, THANA-KHARAGPUR, DIST-MUNGER, BIHAR-811211 have changed my name from SANTOSHI KUMARI SINGH to SANTOSHI SINGH for all future purposes vide affidavit dated 07/02/2024 before Notary Public, Delhi.

**NAME CHANGE**

, hitherto known as POOJA KAMRA alias POOJA D/o PREM PRAKASH W/o SANTOSH KUMAR SOOD residing at B 3A, 231, Janakpuri West, New Delhi - 110058, have changed my name and shall hereafter be known as POOJA.

**NAME CHANGE**

I, Ajay Kumar Singh S/o Sh. Krishna Singh R/o Rz-341a, D1-66, Raj Nagar Part-2, Palam Colony, New Delhi, Delhi-110077 Declare That That My Daughter's Name Is Wrongly Written as Muskan in My Office Record. Her Correct Name Is Muskaan from Now Onwards for All Future Purpose.

**NAME CHANGE**

I, No.16116798N Rank-HAV Name-ANIL BASAPPA BEVINAKATTI S/O BASAPPA residing at LAXMI NAGAR, BHARAMKHODI, ATHANI (RURAL), BELAGAVI, KARNATAKA-591304 have changed my minor daughter's name from SHRINIDHI ANIL BEVINKATTI to SHRINIDHI ANIL BEVINAKATTI for all future purposes vide Affidavit dated 07/02/2024 before Notary Public Delhi.

**NAME CHANGE**

I, SHIYA TIWARI Mother of No-17023937W Rank-CFN, Name-BAIDANTI SHARN TIWARI presently residing at VILL-PATNA, PO-BARON, TEH-SEMARIYA, DIST-REWA, MADHYA PRADESH-486441, have changed my name from SHIYA TIWARI to SIYA TIWARI for all future purposes and in my son's service records my date of birth wrongly mentioned as 01/02/1962 instead of my correct date of birth as 01/01/1963 vide affidavit dated 07/02/2024 before Notary Public, Delhi.

**NAME CHANGE**

I, JC-387194A Rank-SUB Name-SANJIV KUMAR SINGH father of ARYAN SINGH R/O VPO+TEH-LALGANJ, DIST-RAIBARELI, UTTAR PRADESH-229206 in my service records my son's date of birth wrongly mentioned as 03/06/2008 instead of his correct date of birth as 03/06/2010 vide affidavit dated 07/02/2024 before notary public, Delhi.

**NAME CHANGE**

I, YAADVINDRA SINGH S/O AMAR SINGH residing at 890 GALI BERI WALI SITA RAM BAZAR DELHI-110006 have changed my name to YADVINDER SINGH for all future purpose.

**NAME CHANGE**

I, INTIZAR S/O IZAZUL AHMED Residing at H NO-A-366 NEW A-606 GALI NO-3 NEAR INSHA ALLAH MASJID CHAUHAN BANGER Seelampur North East Delhi Delhi 110053 have changed my name to INTIZAAR GHAZI for all future purpose.

**NAME CHANGE**

I Km Kausar Jahan W/O Layeek Ahmed R/O f house number 60, 2nd avenue Chandan Hola Delhi 110074 have change my name to Koshar Jahan for all future purposes.

**NAME CHANGE**

I, Rita W/o Sh. Subhash R/o K-1659, Jahangirpuri, A-Block, North West Do Delhi, Delhi-110033, Declare That My Name Is Written Wrongly as Rashida and My Account in Indian Bank That I Want to Change My Name from Rashida to Rita for All Future Purpose.

**NAME CHANGE**

I, No-10136586Y Rank-NK Name-KRISHAN KUMAR THAPA (Existing Name) Son of DAL BAHADUR GOTAME R/o RZC-111, GALI NO-8, MADHU VIHAR, NEW DELHI, DELHI-110059 have changed my name from KRISHAN KUMAR THAPA to KRISHNA KUMAR THAPA for all future purposes vide affidavit dated 07/02/2024 before Notary Public, Delhi.

**PUBLIC NOTICE**

This is to bring to the notice of the general public that one ID card of Mr. Prakash Chandra issued by ICICI bank having ID card no respectively 2350638 has been found missing and or lost on 06.02.2024. Anyone who find the ID CARD is requested to return the said id card to the manager debt services and management group ICICI group, ICICI Bank limited are hereby noticed to make any payment to any unauthorized person holding the said ID card no 2350638 please make further notice that anybody making payment to any person holding the said ID card shall d so at his/her risk and penil and ICICI bank shall not be bound and or responsible for any payment.

Sd/-
**FOR ICICI BANK LTD**
Date: 08.02.2024
Place: New delhi

**NAME CHANGE**

I, SUDHARANI ANIL B wife of NO-16116798N Rank-HAV Name-ANIL BASAPPA BEVINAKATTI residing at LAXMI NAGAR, BHARAMKHODI, ATHANI (RURAL), BELAGAVI, KARNATAKA-591304 have changed my name from SUDHARANI ANIL B to SUDHARANI ANIL BEVINAKATTI for all future purposes vide Affidavit Dated 07/02/2024 before Notary Public, Delhi.

**PUBLIC NOTICE**

It is for general information that I, OM PRAKASH YADAV S/o FAUJDAR YADAV, No. JC-820969W Rank: Nb/Sub (MP) serving in Unit-254 (I) Armd Bde Provost Unit C/o 56 Apo R/o Village Baduwagodam, Mau, Uttar Pradesh - 275101, declare that name of mine has been wrongly written as OM PRAKASH YADAVA in my Service Record No. 7780370Y The actual name of mine is OM PRAKASH YADAV, which may be amended accordingly.

**NAME CHANGE**

I, O SARASWATHY AMMA mother of No-15329026H Rank-HAV, Name-SUBHASH S presently residing at SUDHEESH BHAVANAM, VILL-PORUVAZHY, PO-EDAKKADU, TEH-KUNNATHUR, DISTT-KOLLAM, KERALA-691552 have changed my name from O SARASWATHY AMMA to SARASWATHY AMMA for all future purposes and in my son's service records my date of birth wrongly mentioned as 01/07/1960 instead of my correct date of birth as 05/01/1960 Vide Affidavit dated 07/02/2024 before Notary Public Delhi.

**NAME CHANGE**

I, SMT NAYANA CHAVADA Wife of No-14653650H Rank-HAV Name-CHAVADA MUKESHBHAI VB R/O VPO-SENJALIYA, TEH-PALITANA, DIST-BHAVNAGAR, GUJARAT-364270, have changed my name from SMT NAYANA CHAVADA to CHAVDA NAYANABEN MUKESHBHAI for all future purposes and in my husband's service records my date of birth wrongly mentioned as 01/06/1989 instead of my correct date of birth as 01/06/1990 vide affidavit dated 07/02/2024 before Notary Public, Delhi.

**PUBLIC NOTICE**

Information is given to general public at large that Our client Mrs. Sangeeta Pal w/o Mr. Vinod Kumar Pal is intending to purchase the property i.e. House No. B-159, Khasra No. 42, area measuring 101.48 Sq. Yards, Panchwati Colony, Block-B, Village Mahma Sarai urf Cot, Pargana Loni, Ghaziabad, U.P. from Mrs. Babita w/o Mr. Kalicharan owner vide Sale Deed dated 13.11.2006 executed by Mr. Sanjay Mathur & Mrs. Abha Mathur vide Doc No.8835 and said property to be financed by Can Fin Homes Ltd. having its Branch Address at First Floor, Plot No. C-18, Param Plaza, Raj Nagar, District Center, Ghaziabad-201001. That, Sale Deed dated 20.01.2006 executed by Mr. Pawan Kumar partners of Friends Real Estate Developers in favour of Mr. Sanjay Mathur & Mrs. Abha Mathur in respect of abovementioned property, vide Doc No. 537, Volume No. 6417, in Book No. 1, on Page No. 195-216, registered on 20.01.2006, SRO-I, Ghaziabad has been lost/misplaced and FIR for the same has been lodged through FIR dated 06.02.2024 vide L.A.R. No. 20240000087185 registered in E-Thana, Uttar Pradesh Police.

If any person(s) objection for subject property, then kindly may contact the undersigned along with original property document, within 7 days from date of this notice on below mentioned address, failing which, the claim as per aforesaid shall be treated as null and void in respect of the subject property.

**[ASHWANI KUMAR] Advocate**
Chamber No. 122,
Tehsil Compound, Ghaziabad, U.P.

**ਪ੍ਰੀ-ਵੈਡਿੰਗ ਦੇ ਸ਼ੌਕ ਦਾ ਰੁਝਾਨ ਇਨਾ ਵਧ ਗਿਆ ਹੈ ਕਿ ਅੱਜ ਕੱਲ੍ਹ ਵਿਆਹ ਤੋਂ ਪਹਿਲਾਂ ਦੇ ਮੌਕਿਆਂ ਨੂੰ ਸ਼ੂਟ ਕਰਨ ਲਈ ਵੱਖ-ਵੱਖ ਸ਼ਹਿਰਾਂ ਤੇ ਪਿੰਡਾਂ ਵਿਚ ਲੋਕੇਸ਼ਨਾਂ ਤਿਆਰ ਹੋ ਰਹੀਆਂ ਹਨ...**

# ਪ੍ਰੀ-ਵੈਡਿੰਗ ਦਾ ਰੁਝਾਨ

ਹਰਦੀਪ ਸਿੰਘ





ਸਮੇਂ ਦੇ ਨਾਲ-ਨਾਲ ਹਰ ਚੀਜ਼ ਬਦਲਦੀ ਰਹਿੰਦੀ ਹੈ। ਇਸੇ ਤਰ੍ਹਾਂ ਸੱਭਿਆਚਾਰ ਵਿਚ ਰੀਤੀ ਰਿਵਾਜਾਂ ਵਿਚ ਨਵੀਆਂ ਤਬਦੀਲੀ ਆਉਂਦੀ ਰਹਿੰਦੀ ਹੈ। ਅਜੋਕਾ ਸਾਡਾ ਸਮਾਜ ਦੁਨੀਆਦਾਰੀ ਦੇ ਨਵੇਂ ਤਜਰਬਿਆਂ ਨਾਲ ਵਿਕਸਤ ਹੋਇਆ ਹੈ। ਅੱਜ ਕੱਲ੍ਹ ਹੋਣ ਵਾਲੇ ਵਿਆਹਾਂ ਵਿਚ ਹੋਰ ਰਸ਼ਮਾਂ ਦੇ ਨਾਲ-ਨਾਲ ਵਿਆਹਾਂ ਵਿਚ ਹੋਣ ਵਾਲੇ ਸਪੈਸ਼ਲ ਸ਼ੂਟ ਜੋ ਕਿ ਪ੍ਰੀ-ਵੈਡਿੰਗ ਅਤੇ ਪੋਸਟ ਵੈਡਿੰਗ ਸ਼ੂਟ ਦੇ ਨਾਂ ਨਾਲ ਜਾਣੇ ਜਾਂਦੇ ਹਨ। ਇਹ ਅਜੋਕੇ ਵਿਆਹਾਂ ਵਿਚ ਇਕ ਨਵੀਂ ਰਸਮ ਹੀ ਬਣ ਚੁੱਕਾ ਹੈ। ਕੁਝ ਸਮਾਂ ਪਹਿਲਾਂ ਇਹੀ ਰਸਮ ਸਿਰਫ਼ ਫੋਟੋਆਂ ਨਾਲ ਪੂਰੀ ਹੋ ਜਾਂਦੀ ਸੀ ਪਰ ਸਾਡੀ ਸਮਾਜਿਕ ਆਧੁਨਿਕਤਾ ਇਸ ਨੂੰ ਹੁਣ ਵੀਡੀਓ ਸ਼ੂਟ ਤਕ ਲੈ ਗਈ ਹੈ। ਇਹ ਕੋਈ ਮਾੜੀ ਗੱਲ ਨਹੀਂ ਅਜਿਹੇ ਮੌਕੇ ਰੋਜ਼-ਰੋਜ਼ ਨਹੀਂ ਆਉਂਦੇ ਤੇ ਜ਼ਿੰਦਗੀ ਦੀਆਂ ਕੀਮਤੀ ਯਾਦਾਂ ਨੂੰ ਖ਼ੂਬਸੂਰਤ ਪਲਾਂ ਨੂੰ ਸੰਭਾਲ ਕੇ ਰੱਖਣਾ ਹਰ ਇਕ ਦਾ ਸ਼ੌਕ ਹੁੰਦਾ ਹੈ ਪਰ ਇਹ ਵੀ ਸੱਚ ਹੈ ਕਿ ਵਿਆਹਾਂ 'ਤੇ ਕੀਤੇ ਜਾਣ ਵਾਲੇ ਬੇਲੋੜੇ ਖ਼ਰਚਿਆਂ ਵਿਚ ਇਹ ਵੀ ਸ਼ਾਮਿਲ ਹੈ।

ਵਿਆਹ ਤੋਂ ਪਹਿਲਾਂ ਮੰਗੇਤਰ ਜੋੜੇ ਦਾ ਸਪੈਸ਼ਲ ਸ਼ੂਟ ਕੀਤਾ ਜਾਂਦਾ ਹੈ ਤੇ ਇਸ ਦਾ ਪੂਰਾ ਪਲਾਨ ਸ਼ੂਟ ਕਰਵਾਉਣ ਵਾਲੇ ਦੇ ਬਜਟ ਦੇ ਹਿਸਾਬ ਨਾਲ ਹੀ ਤਿਆਰ ਕੀਤਾ ਜਾਂਦਾ ਹੈ। ਵਿਆਹਾਂ ਵਿਚ ਇਸ ਸ਼ੌਕ ਦਾ ਇਹ ਰੁਝਾਨ ਇੰਨਾ ਵੱਧ ਗਿਆ ਹੈ ਕਿ ਹੁਣ ਅਜਿਹੇ ਖ਼ਾਸ ਮੌਕਿਆਂ ਨੂੰ ਸ਼ੂਟ ਕਰਨ ਲਈ ਵੱਖ-ਵੱਖ ਸ਼ਹਿਰਾਂ ਤੇ ਪਿੰਡਾਂ ਵਿਚ ਲੁਕੇਸ਼ਨਾਂ ਤਿਆਰ ਹੋ ਰਹੀਆਂ ਹਨ। ਜਿਸ 'ਤੇ ਹਜ਼ਾਰਾਂ ਰੁਪਏ ਖ਼ਰਚ ਕੇ ਪ੍ਰਤੀ ਦਿਨ ਦੇ ਹਿਸਾਬ ਨਾਲ ਸ਼ੂਟਿੰਗ ਕੀਤੀ ਜਾਂਦੀ ਹੈ। ਇਸ ਤੋਂ ਬਗ਼ੈਰ ਸੂਟਿੰਗ ਕਰਨ ਲਈ ਫ਼ਿਲਮਾਂ ਦੇ ਵਾਂਗ ਕਿਸੇ ਪ੍ਰੋਡਕਸ਼ਨ ਹਾਊਸ ਦੇ ਸੰਦ-ਸਮਾਨ ਜਿਨਾ ਵਿੱਚ ਵੱਡੇ ਕੈਮਰੇ, ਡਰੋਨ, ਕਰੇਨ, ਲਾਇਟਾਂ ਅਤੇ ਜਰਨੇਟਰ ਆਦਿ ਦਾ ਜ਼ਰੂਰਤ ਅਨੁਸਾਰ ਇੰਤਜਾਮ ਕੀਤਾ ਜਾਂਦਾ ਹੈ। ਕਿਸੇ ਮਸ਼ਹੂਰ ਤੇ ਪਸੰਦੀਦਾ ਗੀਤ ਤੇ ਮੰਗੇਤਰ ਜੋੜੇ ਤੋਂ ਅਦਾਕਾਰੀ ਕਰਵਾਈ ਜਾਂਦੀ ਹੈ। ਇਸ ਪ੍ਰਕਾਰ ਇਸ ਸਪੈਸ਼ਲ ਸੂਟਿੰਗ ਤੇ ਵਿਸ਼ੇਸ਼ ਤੌਰ 'ਤੇ ਡਾਂਸ ਟਰੇਨਰ ਤੇ ਮੇਕਅੱਪ ਵਾਲੇ ਵੀ ਮੌਜੂਦ ਹੁੰਦੇ ਹਨ। ਜੋ ਕਿ ਮੰਗੇਤਰ ਜੋੜੇ ਨੂੰ ਆਪਣੀਆਂ ਹਿਦਾਇਤਾਂ ਨਾਲ ਉਨ੍ਹਾਂ ਦੀ ਸੁੰਦਰਤਾ ਦਾ ਖ਼ਾਸ ਧਿਆਨ ਰੱਖਦੇ ਹਨ। ਇਸ ਤੋਂ ਇਲਾਵਾ ਵੱਖ-ਵੱਖ ਸਥਾਨਾਂ 'ਤੇ ਜਾ ਕੇ ਇਹ ਸ਼ੂਟ ਕੀਤੇ ਜਾਂਦੇ ਹਨ। ਆਮ ਤੌਰ 'ਤੇ ਪ੍ਰੀ ਵੈਡਿੰਗ ਸ਼ੂਟ ਇਕ ਤੋਂ ਲੈ ਕੇ ਤਿੰਨ ਜਾਂ ਚਾਰ ਦਿਨਾਂ ਵਿਚ ਪੂਰਾ ਹੋ ਜਾਂਦਾ ਹੈ ਪਰ ਭਵਿੱਖ ਵਿਚ ਸੂਟਿੰਗ ਦੀ ਇਸ ਰਸਮ ਦਾ ਹੋਰ ਲੰਮਾ ਹੋਣ ਦੀ ਆਸ ਹੈ। ਇਸ ਪ੍ਰਕਾਰ ਪੂਰੇ ਸ਼ੂਟ ਤੋਂ ਬਾਅਦ ਵੱਖ-ਵੱਖ ਸ਼ਾਟ ਲੈ ਕੇ ਇਕ ਫਾਇਨਲ ਵੀਡੀਓ ਤਿਆਰ ਕੀਤੀ ਜਾਂਦੀ ਹੈ ਤੇ ਸ਼ੂਟ ਕੀਤੀ ਵੀਡੀਓ ਨੂੰ ਵਿਆਹ ਵਾਲੇ ਦਿਨ ਸਕਰੀਨਾਂ ਤੇ ਚਲਾਇਆ ਜਾਂਦਾ ਹੈ ਇਸ ਤੋਂ ਬਗ਼ੈਰ ਵਿਆਹ ਵਾਲੇ ਜੋੜੇ ਦੀਆਂ ਵੱਡੀਆਂ-ਵੱਡੀਆਂ ਤਸਵੀਰਾਂ ਵਿਆਹ ਜਾਂ ਪਾਰਟੀ ਵਾਲੇ ਦਿਨ ਮੈਰਿਜ ਪੈਲੇਸ ਅੰਦਰ ਲਗਾਈਆਂ ਜਾਂਦੀਆਂ ਹਨ। ਇਸ ਪ੍ਰਕਾਰ ਆਪਣੇ ਯਾਦਗਾਰੀ ਪਲਾਂ ਨੂੰ ਬੇਹਤਰੀਨ ਬਣਾਇਆ ਜਾਂਦਾ ਹੈ। ਮੁੱਕਦੀ ਗੱਲ ਧਨਵਾਨ ਬੰਦੇ ਦੇ ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਹਰ ਚੀਜ਼ ਦਾ ਪ੍ਰਬੰਧ ਬਹੁਤ ਅਸਾਨੀ ਨਾਲ ਹੋ ਜਾਂਦਾ ਹੈ ਪਰ ਦੇਖੋ ਦੇਖੀ ਇਸ ਰੀਸ ਕਰ ਕੇ ਆਰਥਿਕ ਤੌਰ 'ਤੇ ਕਮਜ਼ੋਰ ਲੋਕ ਵੀ ਕਿਸੇ ਤੋਂ ਘੱਟ ਨਹੀਂ ਕਹਾਉਂਦੇ ਅਤੇ ਵਿਆਹ ਵਾਲੇ ਦਿਨ ਲਈ ਇਸ ਰਸਮ ਨੂੰ ਪੰਜਾਬੀ ਬੜੀ ਸਿੱਦਤ ਨਾਲ ਇਕ ਦੂਸਰੇ ਤੋਂ ਵੱਧ ਕੇ ਪ੍ਰਭਾਵਸ਼ਾਲੀ ਬਣਾ ਕੇ ਪੇਸ਼ ਕਰਦੇ ਹਨ। ਠੀਕ ਹੈ ਸਮੇਂ ਦੇ ਨਾਲ-ਨਾਲ ਬਦਲਣਾ ਜ਼ਰੂਰੀ ਹੈ ਪਰ ਅੱਜ ਦੇ ਮਹਿੰਗਾਈ ਦੇ ਸਮੇਂ ਵਿਚ ਜਿੱਥੇ ਕਿਸਾਨੀ ਖ਼ੁਦਕੁਸ਼ੀਆਂ, ਬੇਰੁਜ਼ਗਾਰੀ ਅਤੇ ਅਨੇਕਾਂ ਪਰੇਸ਼ਾਨੀਆਂ ਨਾਲ ਸਾਡਾ ਸਮਾਜ ਜੂਝ ਰਿਹਾ ਹੈ। ਉੱਥੇ ਆਪਣੀ ਆਰਥਿਕ ਸਥਿਤੀ ਵੱਲ ਵੀ ਧਿਆਨ ਰੱਖਣਾ ਚਾਹੀਦਾ ਹੈ। •


85669-58521

---

ਬਹਾਦਰ ਸਿੰਘ ਗੋਸਲ

**ਪੁਰਾਣੇ ਸਮਿਆਂ ਵਿਚ ਲੋਕਾਂ ਨੂੰ ਸਵੇਰੇ ਜਲਦੀ ਉੱਠਣ ਦੇ ਦੋ ਹੀ ਸਾਧਨ ਸਨ। ਪਹਿਲਾ ਪਿੰਡ ਵਿਚ ਕੁੱਕੜ ਦੀ ਬਾਂਗ ਅਤੇ ਦੂਜੀ ਖੂਹਾਂ 'ਤੇ ਖੜ੍ਹਕਦੀ ਭੌਣੀਆਂ ਦੀ ਆਵਾਜ਼। ਜਿਹੜੇ ਲੋਕ ਸਵੇਰੇ ਜਲਦੀ ਉੱਠ ਜਾਂਦੇ, ਉਹ ਸਭ ਤੋਂ ਪਹਿਲਾਂ ਖੂਹ 'ਤੇ ਪਾਣੀ ਭਰਨ ਜਾਂ ਇਸ਼ਨਾਨ ਕਰਨ ਲਈ ਪਹੁੰਚ ਜਾਂਦੇ...**

# ਗੁੰਮ ਗਈ ਭੌਣੀਆਂ ਦੀ ਸੁਰੀਲੀ ਆਵਾਜ਼



ਅੱਜ ਤੋਂ ਛੇ-ਸੱਤ ਦਹਾਕੇ ਪਹਿਲਾਂ ਦੇ ਪੰਜਾਬ ਦੇ ਪਿੰਡਾਂ ਦੇ ਮਾਹੌਲ ਅਤੇ ਪੰਜਾਬੀ ਵਿਰਸੇ ਦੀ ਅਦੁੱਤੀ ਝਲਕ ਲੈਣ ਲਈ ਇਕ ਅਤੀਤ ਪੱਖੀ ਝਾਤ ਮਾਰੀਏ ਤਾਂ ਉਸ ਸਮੇਂ ਦੇ ਪਿੰਡਾਂ ਵਿਚ ਖੂਹਾਂ 'ਤੇ ਲੱਗਦੀਆਂ ਰੌਣਕਾਂ ਦੀ ਯਾਦ ਮਨ ਨੂੰ ਇਕ ਸ਼ੀਤ ਜਿਹੀ ਕੰਬਣੀ ਦੇ ਜਾਂਦੀ ਹੈ। ਜਿਨ੍ਹਾਂ ਲੋਕਾਂ ਨੇ ਪੰਜਾਬੀ ਵਿਰਸੇ ਨੂੰ ਅੱਖੀਂ ਦੇਖਿਆ ਅਤੇ ਮਾਣਿਆ ਹੈ ਉਨ੍ਹਾਂ ਨੂੰ ਉਹ ਸਮਾਂ ਭੁੱਲਦਾ ਹੀ ਨਹੀਂ।

ਬਿਲਕੁਲ ਸੱਚ ਹੈ ਕਿ ਜਦੋਂ ਪਿੰਡਾਂ ਵਿਚ ਅੰਮ੍ਰਿਤ ਵੇਲੇ ਦਾ ਸਮਾਂ ਹੁੰਦਾ ਤਾਂ ਕੋਈ ਅਲੌਕਿਕ ਨਜ਼ਾਰਾ ਪਿੰਡ ਦੇ ਸਾਰੇ ਵਾਤਾਵਰਨ ਵਿਚ ਫੈਲ ਜਾਂਦਾ ਹੈ ਅਤੇ ਇਸ ਨੂੰ ਦੇਖਣ ਵਾਲਾ ਆਪਣੇ ਆਪ ਹੀ ਅਨੰਦਿਤ ਹੋ ਜਾਂਦਾ ਹੈ। ਉਨ੍ਹਾਂ ਦਿਨਾਂ ਵਿਚ ਲੋਕਾਂ ਨੂੰ ਟਾਇਮ ਕਲਾਕਾਂ ਪਰ ਜਾਂ ਆਪਣੇ ਮੁਬਾਈਲਾਂ ਪਰ ਸੁਵਖਤੇ ਉੱਠਣ ਲਈ ਅਲਾਰਮ ਲਗਾਉਣ ਦੀ ਲੋੜ ਨਹੀਂ ਸੀ ਹੁੰਦੀ। ਬੱਸ ਲੋਕਾਂ ਨੂੰ ਸਵੇਰੇ ਜਲਦੀ ਉੱਠਣ ਦੇ ਦੋ ਹੀ ਸਾਧਨ ਸਨ। ਇਕ ਤਾਂ ਪਿੰਡ ਵਿਚ ਕੁੱਕੜ ਦੀ ਬਾਂਗ ਅਤੇ ਦੂਜੀ ਖੂਹਾਂ 'ਤੇ ਖੜ੍ਹਕਦੀ ਭੌਣੀਆਂ ਦੀ ਆਵਾਜ਼। ਜਿਹੜੇ ਲੋਕ ਜਲਦੀ ਸਵੇਰੇ ਉੱਠ ਜਾਂਦੇ ਤਾਂ ਉਹ ਸਭ ਤੋਂ ਪਹਿਲਾਂ ਖੂਹ 'ਤੇ ਪਾਣੀ ਭਰਨ ਜਾਂ ਇਸ਼ਨਾਨ ਕਰਨ ਲਈ ਪਹੁੰਚ ਜਾਂਦੇ। ਜਿਉਂ ਹੀ ਉਹ ਆਪਣੇ ਡੋਲ ਜਾਂ ਲੱਜ ਵਾਲੀ ਬਾਲਟੀ ਨੂੰ ਭੌਣੀ ਦੇ ਉੱਪਰੋਂ ਖੂਹ ਵਿਚ ਸੁੱਟ ਦੇ, ਭੌਣੀ ਆਪਣੀ ਉੱਚੀ ਅਤੇ ਮਿੱਠੀ ਆਵਾਜ਼ ਵਿਚ ਸਾਰੇ ਵਾਤਾਵਰਨ ਨੂੰ ਸੰਗੀਤ ਮਈ ਬਣਾ ਦਿੰਦੀ। ਬੱਸ, ਇਸ ਆਵਾਜ਼ ਦੇ ਨਾਲ ਹੀ ਘਰਾਂ ਦੀ ਸੁਆਣੀਆਂ ਆਪਣੇ ਘੜੇ ਅਤੇ ਬਾਲਟੀਆਂ ਲੈ ਖੂਹ 'ਤੇ ਪਹੁੰਚ ਜਾਂਦੀਆਂ ਅਤੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਖੂਹ ਉੱਤੇ ਰੌਣਕਾਂ ਲੱਗ ਜਾਂਦੀਆਂ। ਫਿਰ ਜਿਉਂ-ਜਿਉਂ ਦਿਨ ਚੜ੍ਹਦਾ ਇਹ ਰੌਣਕ ਵਧਦੀ ਹੀ ਜਾਂਦੀ।

ਬਚਿੱਤਰ ਗੱਲ ਤਾਂ ਇਹ ਹੁੰਦੀ ਸੀ ਕਿ ਜੋ ਮਿੱਠੀ ਅਤੇ ਸੰਗੀਤਮਈ ਆਵਾਜ਼ ਇਹ ਭੌਣੀ ਪੈਦਾ ਕਰਦੀ ਅਤੇ ਨੇੜੇ ਕਿਤੇ ਕੋਈ ਗੁਰਸਿੱਖ ਆਪਣਾ ਸਵੇਰੇ ਵੇਲੇ ਉੱਚੀ-ਉੱਚੀ ਨਿੱਤ ਨੇਮ ਸ਼ੁਰੂ ਕਰ ਦਿੰਦਾ ਤਾਂ ਹਰ ਪਾਸੇ ਰੱਬੀ ਧੁਨ ਜਿਹੀ ਪਸਰ ਜਾਂਦੀ ਜੋ ਲੋਕਾਂ ਨੂੰ ਸਵੇਰੇ ਜਲਦੀ ਉੱਠਣ ਦਾ ਸੁਨੇਹਾ ਵੀ ਦੇ ਜਾਂਦੀ। ਇਸ ਰੱਬੀ ਧੁਨ ਦੇ ਨਾਲ ਜੇ ਕਦੇ ਕਿਸੇ ਕਿਸਾਨ ਦੇ ਆਪਣੇ ਖੇਤਾਂ ਵੱਲ ਨੂੰ ਚਾਲੇ ਦੇ ਨਾਲ, ਉਸ ਦੇ ਬਲਦਾਂ ਦੇ ਗੱਲ ਪਾਈਆਂ ਟੱਲੀਆਂ ਦੀ ਆਵਾਜ਼ ਮਿਲਾਪ ਕਰਦੀ ਤਾਂ ਇੰਜ ਲੱਗਦਾ ਜਿਵੇਂ ਕੁਦਰਤ ਆਪਣੇ ਅਨੋਖੇ ਸਾਜ਼ ਲੈ ਕੇ ਕੋਈ ਅਨੰਦਮਈ ਸੰਗੀਤ ਵਿਚ ਅੰਮ੍ਰਿਤ ਵੇਲੇ ਪਰਮਾਤਮਾ ਦੀ ਅਨੂਠੀ ਪੂਜਾ ਕਰਦੀ ਹੋਵੇ। ਇਹੀ ਕਾਰਨ ਸੀ ਕਿ ਪਿੰਡਾਂ ਦੀਆਂ ਔਰਤਾਂ ਇਸ ਕੁਦਰਤੀ ਨਜ਼ਾਰੇ ਦਾ ਅਨੰਦ ਲੈਣ ਲਈ ਹਰ ਰੋਜ਼ ਹੀ ਸਵੇਰੇ ਜਲਦੀ ਉੱਠ ਕੇ ਆਪਣੇ ਕੰਮ-ਧੰਦਿਆਂ ਵਿਚ ਲੱਗ ਜਾਂਦੀਆਂ ਅਤੇ ਸੂਰਜ ਦੀ ਟਿੱਕੀ ਦਿਸਣ ਤੋਂ ਪਹਿਲਾਂ-ਪਹਿਲਾਂ ਹੀ ਆਪਣੇ ਦਿਨ ਭਰਕੇ ਅੱਧੇ ਕੰਮ ਮੁਕਾ ਲੈਂਦੀਆਂ। ਕਈ ਬੀਬੀਆਂ ਤਾਂ ਇਸ ਅਲੌਕਿਕ ਨਜ਼ਾਰੇ ਨੂੰ ਹੋਰ ਬਚਿੱਤਰ ਬਣਾਉਣ ਲਈ ਆਪਣੀਆਂ ਚਾਟੀਆਂ ਵਿਚ ਮਧਾਣੀਆਂ ਪਾ ਇਸ ਧੁੰਨ ਵਿਚ ਇਕ ਹੋਰ ਅਲਾਪ ਸ਼ਾਮਲ ਕਰ ਦਿੰਦੀਆਂ। ਇਹੀ ਕੁਦਰਤੀ ਨਜ਼ਾਰਾ ਕਿਸਾਨਾਂ ਨੂੰ ਖੇਤਾਂ ਵਿਚ ਜਲਦੀ ਜਾਣ ਲਈ ਪ੍ਰੇਰਦਾ ਅਤੇ ਉਹ ਵੀ ਦਿਨ ਚੜ੍ਹਦੇ ਤਕ ਕਾਫ਼ੀ ਖੇਤ ਵਾਹ ਛੱਡਦੇ ਅਤੇ ਆਪਣੇ ਕੀਤੇ ਕੰਮ ਲਈ ਖ਼ੁਸ਼ੀ ਮਹਿਸੂਸ ਕਰਦੇ।



ਜ਼ਮਾਨੇ ਨੂੰ ਬੜੀ ਤੇਜ਼ੀ ਨਾਲ ਬਦਲਦਾ ਦੇਖਿਆ ਗਿਆ, ਕੁੱਕੜ ਬਾਂਗ ਦੇਣ ਤੋਂ ਹੱਟ ਗਏ, ਲੋਕਾਂ ਦਾ ਖ਼ਿਆਲ ਹੈ ਕਿ ਦੇਸੀ ਕੁੱਕੜ ਰਹੇ ਨਹੀਂ ਅਤੇ ਮਸ਼ੀਨੀ ਕੁੱਕੜਾਂ ਦੇ ਗਲੇ ਵਿਚ ਆਵਾਜ਼ ਨਹੀਂ। ਉੱਧਰ ਖੂਹਾਂ ਅਤੇ ਰੌਣਕਾਂ ਲੋਪ ਹੋ ਗਈਆਂ। ਲੋਕਾਂ ਨੇ ਘਰਾਂ ਵਿਚ ਅਜਿਹੇ ਨਲਕੇ ਲਗਵਾਏ ਕਿ ਖੂਹਾਂ ਨੂੰ ਹੀ ਭੁੱਲ ਗਏ। ਸਮੇਂ ਦੀ ਹੋਰ ਕਰਵੱਟ ਨਾਲ ਬਹੁਤ ਸਾਰੇ ਪਿੰਡਾਂ ਵਿਚ ਪਾਣੀ ਟੂਟੀਆਂ ਤੋਂ ਮਿਲਣ ਲੱਗਿਆ। ਹੁਣ ਲੋੜ ਨਹੀਂ ਰਹੀ ਔਰਤਾਂ ਨੂੰ ਆਪਣੇ ਘੜੇ ਅਤੇ ਡੋਲ-ਬਾਲਟੀਆਂ ਚੁੱਕਣ ਦੀ। ਉਹ ਪਿਆਰੀਆਂ ਭੌਣੀਆਂ ਔਰਤਾਂ ਨੂੰ ਉਡੀਕ-ਉਡੀਕ ਹਾਰ ਚੁੱਕੀਆਂ ਹਨ ਅਤੇ ਉਹ ਵੀ ਆਪਣੇ ਜੀਵਨ ਦੇ ਆਖ਼ਰੀ ਦਿਨ ਗਿਣ ਰਹੀਆਂ ਹਨ। ਇਨ੍ਹਾਂ ਵਿੱਚੋਂ ਬਹੁਤੀਆਂ ਤਾਂ ਜੰਗਾਲ ਰੂਪੀ ਦੈਂਤ ਨੇ ਖਾਹ ਲਈਆਂ, ਖੂਹਾਂ ਦੀਆਂ ਮੌਣਾਂ ਟੁੱਟ ਕੇ ਵਿਖਰ ਗਈਆਂ ਅਤੇ ਕਿਤੇ-ਕਿਤੇ ਉਹ ਢੱਠੇ ਖੂਹ ਆਪਣੀ ਪੁਰਾਣੀ ਪੰਜਾਬੀ ਵਿਰਸੇ ਦੀ ਜੀਵਨ ਕਹਾਣੀ ਸੁਣਾਉਣ ਲਈ ਉਤਾਵਲੇ ਹਨ ਪਰ ਉਨ੍ਹਾਂ ਨੂੰ ਸੁਣਨ ਵਾਲਾ ਕੋਈ ਨਜ਼ਰ ਨਹੀਂ ਆਉਂਦਾ।

ਜਿਨ੍ਹਾਂ ਖੂਹਾਂ ਦੇ ਬਾਰੇ ਪੰਜਾਬੀ ਸੱਭਿਆਚਾਰ ਨੇ ਸਮਾਜ ਨੂੰ ਅਨੇਕਾਂ ਗੀਤਾਂ, ਕਵਿਤਾਵਾਂ, ਕਹਾਣੀਆਂ ਅਤੇ ਲੋਕ ਗੀਤਾਂ ਦਾ ਅਨੰਦ ਦਿੱਤਾ ਉਹ ਵੀ ਸਾਰਾ ਵਿਸਰ ਚੁੱਕਾ। ਅੱਜ ਦੇ ਬੱਚੇ ਜਦੋਂ ਇਹ ਗੀਤ ਸੁਣ ਲੈਂਦੇ ਹਨ :

ਮਲਕੀ ਖੂਹ ਦੇ ਉੱਤੋਂ
ਭਰਦੀ ਸੀ ਬਈ ਪਾਣੀ,
ਕੀਮਾ ਕੋਲ ਆ ਕੇ ਬੇਨਤੀ ਗੁਜ਼ਾਰੇ...

ਤਾਂ ਬੱਚੇ ਅਚਾਨਕ ਹੀ ਪੁੱਛ ਬੈਠਦੇ ਹਨ ਕਿ ਖੂਹ ਤੋਂ ਪਾਣੀ ਕਿਵੇਂ ਭਰਦੀ ਸੀ ਮਲਕੀ? ਤਾਂ ਉਨ੍ਹਾਂ ਬੱਚਿਆਂ ਨੂੰ ਖੂਹ ਦੀ ਕਹਾਣੀ ਦੇ ਨਾਲ ਦੱਸਣਾ ਪੈਂਦਾ ਹੈ ਕਿ ਖੂਹ 'ਤੇ ਲੱਗੀ ਭੌਣੀ ਦੇ ਉੱਪਰੋ ਡੋਲ ਸੁੱਟ ਕੇ ਭੌਣੀ ਦੀ ਸਹਾਇਤਾ ਨਾਲ ਪਾਣੀ ਕੱਢਿਆ ਜਾਂਦਾ ਸੀ, ਜਿਸ ਨਾਲ ਪੁਰਾਣੇ ਜ਼ਮਾਨੇ ਦੇ ਕਿਸੇ ਵਿਅਕਤੀ ਨੇ ਆਪਣੀ ਵਿਗਿਆਨ ਦੀ ਵਰਤੋਂ ਕਰ ਕੇ ਖੂਹ ਵਿੱਚੋਂ ਪਾਣੀ ਕੱਢਣ ਨੂੰ ਸੌਖਾ ਬਣਾਇਆ ਅਤੇ ਅੱਜ ਦੇ ਬੱਚੇ ਵੀ ਆਪਣੀਆਂ ਸਾਇੰਸ ਦੀਆਂ ਕਿਤਾਬਾਂ ਵਿਚ ਇਸ ਨੂੰ 'ਪੁਲੀ' ਦੇ ਨਾਂ ਨਾਲ ਪੜ੍ਹਦੇ ਹਨ। ਪੰਜਾਬੀ ਵਿਰਸੇ ਦੇ ਅਜਿਹੇ ਅਲੌਕਿਕ ਨਜ਼ਾਰਿਆਂ ਦੇ ਖ਼ਾਤਮੇ ਦੇ ਨਾਲ-ਨਾਲ ਹੀ ਸਾਡੇ ਸੱਭਿਆਚਾਰ ਨੂੰ ਵੀ ਖ਼ਤਰਾ ਬਣਿਆ ਹੈ ਅਤੇ ਜਿਉਂ-ਜਿਉਂ ਮਨੁੱਖ ਕੁਦਰਤ ਦੇ ਕ੍ਰਿਸ਼ਮਿਆਂ ਤੋਂ ਦੂਰ ਜਾਂਦਾ ਹੈ ਉਸ ਕੋਲੋਂ ਕੁਝ ਨਾ ਕੁਝ ਗੁਆਚ ਜ਼ਰੂਰ ਜਾਂਦਾ ਹੈ ਪਰ ਕੁਝ ਵੀ ਹੋਵੇ ਸਾਨੂੰ ਆਪਣੇ ਬੱਚਿਆਂ ਨੂੰ ਆਪਣੇ ਵਿਰਸੇ ਅਤੇ ਅਣਮੁੱਲੇ ਸੱਭਿਆਚਾਰ ਨਾਲ ਜੋੜੀ ਰੱਖਣ ਲਈ ਉਨ੍ਹਾਂ ਨੂੰ ਕਹਾਣੀਆਂ ਦੇ ਰੂਪ ਵਿਚ ਇਹ ਸਭ ਕੁਝ ਦੱਸਦੇ ਰਹਿਣਾ ਚਾਹੀਦਾ ਹੈ। •

98764-52223

---

ਪਰਮਜੀਤ ਕੌਰ ਸਿੱਧੂ

# ਕਦੋਂ ਖ਼ਤਮ ਹੋਣਗੀਆਂ ਸਮਾਜਿਕ ਕੁਰੀਤੀਆਂ

ਸਮੇਂ ਦੇ ਨਾਲ ਕਈ ਸਮਾਜਿਕ ਕੁਰੀਤੀਆਂ ਤਾਂ ਖ਼ਤਮ ਹੋ ਗਈਆਂ ਪਰ ਦਹੇਜ ਪ੍ਰਥਾ ਸਮਾਜ ਵਿਚ ਜਿਉਂ ਦੀ ਤਿਉਂ ਆਪਣੇ ਪੈਰ ਜਮਾਈ ਬੈਠੀ ਹੈ। ਭਾਵੇਂ ਸਮਾਜ ਦੇ ਕਈ ਸੂਝਵਾਨਾਂ ਵੱਲੋਂ ਇਸ ਨੂੰ ਖ਼ਤਮ ਕਰਨ ਦੀ ਮੰਗ ਸਮੇਂ-ਸਮੇਂ 'ਤੇ ਕੀਤੀ ਜਾਂਦੀ ਹੈ, ਪਰ ਇਹ ਪ੍ਰਥਾ ਅਮੀਰਾਂ ਦੀ ਦੇਣ ਹੈ ਅਤੇ ਇਸ ਦਾ ਦੁੱਖ ਸਭ ਤੋਂ ਵੱਧ ਗਰੀਬਾਂ ਨੂੰ ਭੁਗਤਨਾ ਪੈਂਦਾ ਹੈ। ਅਮੀਰ ਤਾਂ ਸ਼ੌਕ ਅਤੇ ਸਟੇਟਸ ਦੇ ਲਈ ਲੱਖਾਂ ਰੁਪਏ ਵਿਆਹ 'ਤੇ ਲੱਗਾ ਦਿੰਦਾ ਹੈ ਪਰ ਗ਼ਰੀਬ ਨੂੰ ਤਾਂ ਪੈਸਾ-ਪੈਸਾ ਜੋੜ ਕੇ ਹੱਥ ਤੰਗ ਕਰਕੇ ਵਿਆਹ 'ਤੇ ਲਗਾਉਣੇ ਪੈਂਦੇ ਹਨ।

ਕੁੜੀ ਨੂੰ ਉਸ ਦੇ ਵਿਆਹ ਮੌਕੇ ਉਸ ਦੇ ਮਾਪਿਆਂ ਦੁਆਰਾ ਮਹਿੰਗੇ ਤੋਹਫ਼ੇ, ਗਹਿਣੇ ਅਤੇ ਧੰਨ ਦੇਣ ਦਾ ਰਿਵਾਜ ਜਗੀਰਦਾਰੀ ਸਮਾਜ ਦੇ ਸਮੇਂ ਤੋਂ ਹੀ ਚੱਲਦਾ ਆ ਰਿਹਾ ਹੈ। ਰਾਜੇ ਅਤੇ ਵੱਡੇ ਜਗੀਰਦਾਰ ਆਪਣੀਆਂ ਕੁੜੀਆਂ ਦੇ ਵਿਆਹ 'ਤੇ ਇਕ ਦੂਜੇ ਤੋਂ ਵੱਧ-ਚੜ੍ਹ ਕੇ ਦਹੇਜ ਦਿੰਦੇ ਸਨ। ਇਸ ਪਿੱਛੇ ਉਨ੍ਹਾਂ ਦੇ ਸਮਾਜਿਕ ਰੁਤਬੇ 'ਤੇ ਸ਼ਾਨੋ-ਸ਼ੌਕਤ ਦਾ ਪ੍ਰਗਟਾਵਾ ਸੀ।

ਨਾ ਸਿਰਫ਼ ਅਮੀਰ ਘਰਾਣੇ, ਸਗੋਂ ਆਮ ਲੋਕਾਂ ਵਿਚ ਵੀ ਇਹ ਪ੍ਰਥਾ ਉਦੋਂ ਮਸ਼ਹੂਰ ਸੀ ਤੇ 21ਵੀਂ ਸਦੀ ਵਿਚ ਵੀ ਇਹ ਰੂੜੀਵਾਦੀ ਪ੍ਰਥਾ ਲੋਕਾਂ ਦੀ ਮਾਨਸਿਕਤਾ ਅੰਦਰ ਘਰ ਬਣਾਈ ਬੈਠੀ ਹੈ।

ਇਹ ਪ੍ਰਥਾ ਪਹਿਲੇ ਸਮੇਂ ਨਾਲੋਂ ਕਿਤੇ ਜ਼ਿਆਦਾ ਘਿਨੌਣਾ ਰੂਪ ਧਾਰਨ ਕਰ ਗਈ ਹੈ ਕਿਉਂਕਿ



ਸਰਮਾਏਦਾਰੀ ਸਮਾਜ ਵਿਚ ਹਰ ਚੀਜ਼ ਮੁਨਾਫ਼ੇ ਜਾਂ ਵੱਧ ਤੋਂ ਵੱਧ ਧੰਨ ਇਕੱਤਰ ਕਰਨ ਦੇ ਪੱਖ ਤੋਂ ਦੇਖੀ ਜਾਂਦੀ ਹੈ ਤਾਂ ਵਿਆਹ ਪ੍ਰਣਾਲੀ ਵੀ ਧੰਨ ਇਕੱਠਾ ਕਰਨ ਦਾ ਅੱਜ ਸਾਧਨ ਬਣ ਗਈ ਹੈ। ਸਮਾਜ ਦਾ ਹਰ ਤਬਕਾ ਗ਼ਰੀਬ, ਅਮੀਰ ਅਤੇ ਮੱਧ-ਵਰਗ ਵਿਆਹਾਂ 'ਤੇ ਦਹੇਜ ਦਾ ਲੈਣ-ਦੇਣ ਕਰਦਾ ਹੈ। ਦਾਜ ਉਨ੍ਹਾਂ ਨੂੰ ਸਮਾਜਿਕ ਕੁਰੀਤੀ ਦੇ ਰੂਪ ਵਿਚ ਨਜ਼ਰ ਨਹੀਂ ਆਉਂਦਾ। ਦੂਜੇ ਪਾਸੇ ਕੁੜੀ ਦੇ ਜਨਮ ਤੋਂ ਹੀ ਪਰਿਵਾਰ ਨੂੰ ਉਸ ਦੇ ਵਿਆਹ ਦਾ ਫ਼ਿਕਰ ਖਾਣ ਲੱਗ ਜਾਂਦਾ ਹੈ।

ਖੌਰੇ, ਇਸੇ ਕਾਰਨ ਹੀ ਅੱਜ ਵੀ ਕਈ ਘਰਾਂ ਵਿਚ ਲੜਕੀ ਪੈਦਾ ਹੋਣ 'ਤੇ ਸੋਗ ਦਾ ਮਾਹੌਲ ਜਿਹਾ ਬਣ ਜਾਂਦਾ ਹੈ। ਤਾਜ਼ਾ ਹਲਾਤਾਂ 'ਤੇ ਨਿਗ੍ਹਾ ਮਾਰੀ ਜਾਵੇ ਤਾਂ ਵਿਆਹ ਮੌਕੇ ਮਾਪਿਆਂ ਵੱਲੋਂ ਆਪਣੀ ਲੜਕੀ ਨੂੰ ਦਾਜ ਦੇਣ ਤੋਂ ਮਗਰੋਂ ਵੀ ਲੜਕੀ ਦੇ ਸਹੁਰਿਆਂ ਵੱਲੋਂ ਉਸ ਨੂੰ ਲਗਾਤਾਰ ਹੋਰ ਦਾਜ ਲਿਆਉਣ ਲਈ ਦਬਾਅ ਪਾਇਆ ਜਾਂਦਾ ਹੈ। ਦਾਜ ਲਿਆਉਣ ਲਈ ਜਾਂ ਤਾਂ ਉਸ ਦੀ ਕੁੱਟਮਾਰ ਜਾਂਦੀ ਹੈ ਜਾਂ ਫਿਰ ਸਰੀਰਕ ਤੇ ਮਾਨਸਿਕ ਹਿੰਸਾ ਕਾਰਨ ਕਈ ਵਿਆਹੁਤਾ ਖ਼ੁਦਕੁਸ਼ੀ ਕਰ ਲੈਂਦੀਆਂ ਹਨ ਅਤੇ ਕਈਆਂ ਨੂੰ ਸਹੁਰਿਆਂ ਵੱਲੋਂ ਮਾਰ ਦਿੱਤਾ ਜਾਂਦਾ ਹੈ।

ਭਾਰਤ ਵਿਚ ਸਾਰੇ ਜ਼ੁਲਮ ਅਜਿਹੇ ਹਨ, ਜਿਨ੍ਹਾਂ ਨੂੰ ਜ਼ੁਲਮ ਮੰਨਿਆ ਹੀ ਨਹੀਂ ਜਾਂਦਾ, ਸਗੋਂ ਇਹ ਲੋਕਾਂ ਦੀ ਜ਼ਿੰਦਗੀ ਨਾਲ ਜੁੜੀ ਆਮ ਜਿਹੀ ਗੱਲ ਸਮਝੀ ਜਾਂਦੀ ਹੈ। ਜਿਵੇਂ ਵਿਆਹੁਤਾ ਲੜਕੇ ਅਤੇ ਲੜਕੀ ਵਿਚ ਭੇਦ-ਭਾਵ, ਔਰਤਾਂ 'ਤੇ ਪਾਬੰਦੀਆਂ ਆਦਿ। ਇਨ੍ਹਾਂ ਵਿੱਚੋਂ ਦਹੇਜ ਵੀ ਅਜਿਹੀ ਪ੍ਰਥਾ ਹੈ ਜਿਸ ਨੂੰ ਸਮਾਜ ਨੇ ਕੋਈ ਕੁਰੀਤੀ ਜਾਂ ਔਰਤ ਵਿਰੋਧੀ ਪ੍ਰਥਾ ਮੰਨਣਾ ਸਿੱਖਿਆ ਹੀ ਨਹੀਂ। ਵੇਖਿਆ ਜਾਵੇ ਤਾਂ ਬਚਪਨ ਤੋਂ ਨਿੱਕੀ ਬਾਲੜੀ ਨੂੰ ਪਾਲਣ-ਪੋਸ਼ਣ ਸਮੇਂ ਦਹੇਜ ਬਾਰੇ ਗੱਲਾਂ ਘਰਾਂ ਵਿਚ ਆਮ ਵਿਸ਼ੇ ਹੁੰਦੇ ਹਨ।

ਕੁੜੀਆਂ ਅਤੇ ਮੁੰਡਿਆਂ ਦੀ ਮਾਨਸਿਕਤਾ ਅਜਿਹੀ ਬਣਾਈ ਜਾਂਦੀ ਹੈ ਕਿ ਉਨ੍ਹਾਂ ਨੂੰ ਦਾਜ ਦਾ ਲੈਣ-ਦੇਣ ਕੋਈ ਓਪਰੀ ਗੱਲ ਨਾ ਲੱਗੇ। ਹਰ ਲੜਕੀ ਦੇ ਪਰਿਵਾਰ, ਖ਼ਾਸ ਕਰ ਮੱਧ-ਵਰਗ ਅਤੇ ਹੇਠਲੇ-ਵਰਗ ਨੂੰ ਅੰਦਰੋਂ-ਅੰਦਰੀ ਦਹੇਜ ਦੇਣ ਦੀ ਚਿੰਤਾ ਵੀ ਸਤਾਉਂਦੀ ਹੈ। ਇਸੇ ਲਈ ਕੁੜੀਆਂ ਦੇ ਜਨਮ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਅਤੇ ਭਰੂਣ ਹੱਤਿਆ ਵਰਗੀਆਂ ਕੁਰੀਤੀਆਂ ਪੈਦਾ ਹੁੰਦੀਆਂ ਹਨ। ਦਹੇਜ ਵਰਗੀਆਂ ਅਲਾਮਤਾਂ ਨੂੰ ਖ਼ਤਮ ਕਰਨ ਲਈ ਲੋਕਾਂ ਦੀ ਮਾਨਸਿਕਤਾ ਬਦਲਣ ਦੀ ਲੋੜ ਹੈ। •

---

ਕਵਿਤਾ



• ਸੁਖਦੇਵ ਸਿੱਧੂ
98886-33481

## ਜੰਗਾਂ ਛੇੜਨ ਵਾਲਿਓ

ਅਣਚਾਹੀਆਂ ਜੰਗਾਂ ਛੇੜਨ ਵਾਲਿਓ
ਕਦੇ ਤਾਂ ਕੁਝ ਰਹਿਮ ਕਰੋ
ਜੇਕਰ ਦੇਸ਼ ਨਾਲ ਇੰਨਾ ਪਿਆਰ ਹੈ ਤਾਂ
ਫ਼ੌਜ ਤੋਂ ਵੀ ਅੱਗੇ ਹੋ ਕੇ ਮੈਦਾਨੇ ਜੰਗ ਜਾਓ।
ਤਿਰੰਗੇ ਝੰਡੇ ਵਿਚ ਲਿਪਟ ਕੇ ਆਉਣਾ
ਅਸੀਂ ਤੁਹਾਡੇ ਵਾਂਗ ਨਹੀਂ
ਤਹਿ ਦਿਲੋਂ ਸ਼ਰਧਾਂਜਲੀ ਲਈ ਫ਼ੌਜ ਦਾ ਇਕ ਵੱਡਾ ਦਸਤਾ,
ਟੈਂਕਾਂ ਦੇ ਗੋਲਿਆਂ ਨਾਲ ਸਮਰਪਿਤ ਹੋਵੇਗਾ
ਵੱਡਾ ਮੁਆਵਜ਼ਾ ਤੇ ਸਾਰੇ ਮੈਂਬਰਾਂ ਨੂੰ ਸਰਕਾਰੀ ਨੌਕਰੀ
ਹਾਂ, ਆਪਣੇ ਨਾਲ ਆਈਏਐੱਸ ਤੇ ਪੁਲਿਸ ਦੇ
ਆਹਲਾ ਅਫ਼ਸਰ ਵੀ ਨਾਲ ਲੈਂਦੇ ਜਾਣਾ
ਸੁਣਿਐਂ, ਦੇਸ਼ ਤਾਂ ਸਚਮੁੱਚ
ਉਨ੍ਹਾਂ ਨੂੰ ਵੀ ਬਹੁਤ ਪਿਆਰਾ ਲਗਦੈ।
ਤੁਹਾਡੇ ਹੱਥ ਵੱਡੇ ਛੋਟੇ, ਕੋਈ ਫ਼ਰਕ ਨਹੀਂ
ਛਾਤੀ ਹਰ ਇੰਚੀਆਂ ਦੀ ਚੱਲੇਗੀ
ਰੱਸਾ ਚੜ੍ਹ ਹੋਵੇ ਜਾਂ ਨਾ ਹੋਵੇ
ਛੋਟਾਂ ਹੀ ਛੋਟਾਂ
ਪੜ੍ਹਾਈ, ਅਨਪੜ੍ਹ, ਨਕਲੀ ਡਿਗਰੀ, ਸਭ ਕੁਝ ਜਾਇਜ਼
ਕੰਟੀਨ ਵਿਚਲੇ ਸੌਦੇ ਕੰਟੀਨ ਘਰ ਲੈ ਕੇ ਪਹੁੰਚੇਗੀ
ਫਿਰ ਤੁਹਾਨੂੰ ਦੇਸ਼ ਭਗਤੀ ਦੇ ਦਰਸ਼ਨ ਸ਼ੁਰੂ ਹੋ ਜਾਣਗੇ
ਜਿੱਥੇ ਆਪਣਿਆਂ ਨੂੰ ਫੋਨ ਜਾਂ ਵ੍ਹਟਸਐਪ ਲਈ
ਪਹੁੰਚ ਤੋਂ ਬਾਹਰ ਹੈ, ਲਾਈਨ ਵਿਚ ਬਣੇ ਰਹੋ
ਫਿਰ ਕੋਸ਼ਿਸ਼ ਕਰਨਾ, ਥੋੜ੍ਹੀ ਦੇਰ ਬਾਅਦ
ਵਰਗੇ ਸ਼ਬਦਾਂ ਨਾਲ ਹੀ ਨਿਹਾਲ ਹੋਣਾ ਪਵੇਗਾ।
ਪਰਮਵੀਰ ਚੱਕਰ, ਸ਼ੌਰੀਆ ਚੱਕਰ, ਤੁਹਾਡੇ ਘਰ ਨੂੰ,
ਜਾਣ ਲਈ ਸ਼ਾਇਦ ਬਹੁਤ ਉਤਾਵਲਾਪਣ ਦਿਖਾਵੇਗਾ
ਚਿਹਰੇ 'ਤੇ ਆਪਣੀ ਰੂਹ ਨੂੰ ਸ਼ਾਖਸ਼ਾਤ
ਸਮਾਗਮ ਦਿਖਾਉਣ ਲਈ।
ਸਾਲ ਵਿਚ ਇਕ ਵਾਰ 26 ਜਨਵਰੀ ਨੂੰ
ਝਾਕੀਆਂ ਲਈ ਵਿਲਕਦੇ ਹੋ
ਸਾਲ ਵਿਚ ਇਕ ਵਾਰ
15 ਅਗਸਤ ਲਈ ਭੰਗੜਿਆਂ ਲਈ
ਥਿਰਕਦੇ ਹੋ!
ਬਾਕੀ ਸਾਰਾ ਸਾਲ ਸੰਵਿਧਾਨ ਨੂੰ ਉਲੰਘਾਉਣ ਲਈ
ਬੜੀ ਸ਼ਿੱਦਤ ਨਾਲ ਲੱਗਾਉਂਦੇ ਹੋ
ਮਾਤਮ ਦੀ ਭਾਸ਼ਾ ਤੁਹਾਡੇ ਸੁੱਕੇ ਹਿਰਦੇ ਵਿੱਚੋਂ ਗਾਇਬ ਹੈ
ਸਨਮਾਨ ਤੁਹਾਡੇ ਛੋਹਦੇ ਤੇ ਗਰਕੇ ਹੱਥਾਂ ਵਿੱਚੋਂ ਕੰਬਦੇ ਹਨ
ਸ਼ਹੀਦ ਦੇ ਰਿਸ਼ਤੇ ਅੱਜ ਕੀ ਲੈਣ ਆਉਂਦੇ ਹਨ ਤੁਹਾਥੋਂ
ਇਨ੍ਹਾਂ ਮਹਾਂ ਜ਼ਖ਼ਮੀ ਦਰਦਾਂ ਨੂੰ ਵੱਖਰੇ ਮਿਲ
ਕੀ ਸਮਝਾਇਆ ਜਾਂਦਾ ਕਿ
ਦੇਸ਼ ਲਈ ਸ਼ਹੀਦ ਹੋਣ ਲਈ ਪਹਿਲਾ ਹੀ ਕਾਹਲਾ ਸੀ।
ਪਰ ਸ਼ਹੀਦ ਦੇ ਰਿਸ਼ਤਿਆਂ ਦੀਆਂ ਸੁੱਜੀਆਂ ਅੱਖਾਂ
ਇਹ ਸਨਮਾਨ ਦੇਖਣ ਲਈ ਗ਼ੈਰਹਾਜ਼ਰ ਰਹਿੰਦੀਆਂ
ਬਰਸਾਤ ਵਾਂਗੂ ਵਗ ਰਹੇ ਕੇਵਲ ਹੰਝੂ ਹੀ ਦੇਖਦੇ ਨੇ।
ਇਹ ਤੁਹਾਡੀ ਦੇਸ਼ ਭਗਤੀ ਹੈ ਕਿ
ਤਿਰੰਗਾ ਝੰਡਾ ਲਹਿਰਾਉਣ ਤੇ ਤੁਸੀਂ ਕਿਓਂ ਹਿੱਲੇ,
ਜਨ ਗਣ ਮਨ ਵੇਲੇ ਤੁਹਾਡੇ ਬੁੱਲ੍ਹ ਕਿਉਂ ਨਹੀਂ ਖੁੱਲ੍ਹੇ
ਗੱਡੀ ਮੂਹਰੇ ਤਿਰੰਗਾ ਝੰਡਾ ਕਿਹਦੀ ਆਗਿਆ ਨਾਲ ਫਿੱਟ
ਤੁਹਾਡੇ ਵੱਲੋਂ ਇਹੀ ਦੇਸ਼ ਦਾ ਅਪਮਾਨ ਹੈ
ਇਹੀ ਦੇਸ਼ ਨੂੰ ਖ਼ਤਰਾ ਹੈ
ਇਹੀ ਖ਼ਤਰਾ ਕਿ ਪੁਲਿਸ ਨੂੰ ਆਗਿਆ ਦੇ ਦੇਵੋ
ਜੇਕਰ ਕੁਝ ਨਹੀਂ ਬਣਦਾ ਤਾਂ
ਡਾਕਾ ਮਾਰਨ ਦੀ ਤਿਆਰੀ ਕਰ ਰਹੇ ਸੀ
ਪੰਜ ਛੇ ਗ਼ਰੀਬੜਾ ਤੇ ਪਰਚਾ ਕਟਵਾ ਦਿਉ
ਜਾਂ ਕਿਤੇ ਜੰਗਾਲਿਆ ਪਸਤੌਲ ਫੜਾਕੇ
ਇਹ ਲਿਖਤ ਕਰ ਦੇਣਾ
ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਇਹ ਵੱਡਾ ਵਾਵਰੋਲਾ
ਖੜ੍ਹਾ ਕਰ ਸਕਦਾ ਸੀ, ਜੇਕਰ ਸਮੇਂ ਸਿਰ ਨਾ ਫੜਿਆ ਜਾਂਦਾ।
ਤੁਹਾਡੇ ਇਹ ਬੜਾ ਰਾਸ ਆਉਂਦਾ
ਪਾਰਲੀਮੈਂਟ ਤੇ ਵਿਧਾਨ ਸਭਾਵਾਂ ਹਰ ਵਾਰ
ਅਣਚਾਹੀਆਂ ਸ਼ਰਧਾਂਜਲੀਆਂ ਨੂੰ ਅਰਪਿਤ ਹੋ ਰਹੀਆਂ
ਕੋਈ ਰੋਜ਼ੀ ਰੋਟੀ ਨਹੀਂ, ਕੇਵਲ ਟੈਕਸ ਤੇ ਟੈਕਸ ਕਿ
ਵਿਸ਼ਾਲ ਭਾਰਤ ਨੂੰ ਬਾਹਰੀ ਦੁਸ਼ਮਣ ਤੋਂ ਖ਼ਤਰੇ ਦੀ
ਸੂਹ ਮਿਲੀ ਹੈ
ਸੂਹੀਆ ਵਿਭਾਗ ਦੀਆਂ ਫੋਰਸਾਂ ਵੱਲੋਂ।
ਤੁਸੀਂ ਕਿੰਨੇ ਵੱਡੇ ਸੁਆਦਾਂ ਵਿਚ ਹੋ
ਦੇਸ਼ ਨੂੰ ਅਸਲ ਖ਼ਤਰਾ ਤੁਹਾਡੇ ਕੋਲੋਂ ਹੀ ਹੈ
ਤੁਹਾਡੀ ਲੋਕ ਵਿਰੋਧੀ ਅੜੀ ਤੋਂ ਹੀ ਹੈ। •

---

ਜੀਤ ਹਰਜੀਤ



# ਖ਼ੁਸ਼ੀਆਂ ਲੱਭਣਾ ਵੀ ਕਲਾ ਹੈ


ਖ਼ੁਸ਼ੀਆਂ ਦੀ ਚਾਹਤ ਹਰ ਕਿਸੇ ਨੂੰ ਹੁੰਦੀ ਹੈ। ਲਗਪਗ ਹਰ ਇਨਸਾਨ ਖ਼ੁਸ਼ਨੁਮਾ ਜੀਵਨ ਹੰਢਾਉਣ ਲਈ ਮਿਹਨਤ ਕਰ ਰਿਹਾ ਹੈ। ਮੌਜੂਦ ਸਾਧਨਾ ਵਿੱਚੋਂ ਖ਼ੁਸ਼ੀਆ ਕਿਵੇਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਇਸ ਦੀ ਉਦਾਹਰਣ ਪਿਛਲੇ ਦਿਨੀਂ ਮੇਰੀ ਘਰਵਾਲੀ ਤੇ ਲੰਘੀ ਵੈਲੇਨਟਾਈਨ ਡੇਅ ਬਣੇ। ਗੱਲ ਉਸ ਦਿਨ ਸਵੇਰ ਦੀ ਹੈ ਮੈਂ ਆਪਣੀ ਪਤਨੀ ਨੂੰ ਵੈਲੇਨਟਾਈਨ ਡੇਅ ਕਿਹਾ ਤੇ ਉਸ ਨੇ ਮੋੜਕੇ ਪਿਆਰ ਨਾਲ ਜਵਾਬ ਦਿੱਤਾ।

ਆਮ ਜੀਵਨ ਵਿਚ ਇਹ ਅੰਗਰੇਜ਼ੀ ਦਿਨਾਂ ਵਾਲੇ ਦਿਹਾੜੇ ਇੱਥੋਂ ਤਕ ਹੀ ਸੀਮਤ ਹਨ। ਇਕ ਦੂਜੇ ਨੂੰ ਮੁਬਾਰਕਬਾਦ ਆਖਣ ਨਾਲ ਇਹ ਖ਼ਤਮ ਹੋ ਜਾਂਦੇ ਹਨ। ਜਿਹੜੇ ਲੋਕ ਥੋੜ੍ਹੇ ਆਧੁਨਿਕ ਖ਼ਿਆਲਾਂ ਵਾਲੇ ਹੋਣ ਉਹ ਇਨ੍ਹਾਂ ਦਿਨਾਂ 'ਤੇ ਕੀਮਤੀ ਤੋਹਫ਼ਿਆਂ ਦਾ ਆਦਾਨ ਪ੍ਰਦਾਨ ਵੀ ਕਰਦੇ ਹਨ। ਸਵੇਰੇ ਨੂਰ (ਮੇਰੀ ਪਤਨੀ) ਨੂੰ 'ਵੈਲਨਟਾਈਨ ਡੇਅ' ਮੁਬਾਰਕਬਾਦ ਦੇਣ ਮਗਰੋਂ ਮੈਂ ਕੰਮ 'ਤੇ ਚਲਾ ਗਿਆ। ਥੋੜ੍ਹਾ ਸਮਾਂ ਕੰਮ ਵਿਚ ਲਗਾਉਣ ਤੋਂ ਬਾਅਦ ਮੇਰੇ ਮਨੋਂ ਇਹ ਖ਼ਿਆਲ ਵੀ ਵਿਸਰ ਗਿਆ। ਅੱਜ ਕੋਈ ਸਪੈਸ਼ਲ ਦਿਨ ਹੈ। ਸਾਰਾ ਦਿਨ ਵੀ ਨੂਰ ਨਾਲ ਇਸ ਬਾਬਤ ਕੋਈ ਗੱਲ ਨਾ ਹੋਈ ਕਿ ਅੱਜ ਕੋਈ ਸਪੈਸ਼ਲ ਦਿਨ ਹੈ। ਘਰ ਵਾਪਸ ਆਉਣ ਤੋਂ ਪਹਿਲਾਂ ਮੈਂ ਦੋ ਬਰਗਰ ਪੈਕ ਕਰਵਾ ਲਏ, ਇਕ ਨੂਰ ਲਈ ਤੇ ਇਕ ਭੈਣ ਲਈ। ਪੂਰੇ ਘਰ ਵਿਚ ਇਹ ਦੋ ਹੀ ਮੈਂਬਰ ਫਾਸਟ ਫੂਡ ਖਾਣ ਦੇ ਸ਼ੌਕੀਨ ਹਨ। ਸ਼ਾਮ ਨੂੰ ਜਦੋਂ ਘਰ ਵਾਪਸ ਆਇਆ ਤਾਂ ਨੂਰ ਬਹੁਤ ਖ਼ੁਸ਼ ਨਜ਼ਰ ਆ ਰਹੀ ਸੀ। ਭੈਣ ਕਹਿੰਦੀ 'ਵੀਰੇ ਦਿਉ ਭਾਬੀ ਦਾ ਤੋਹਫ਼ਾ ਅੱਜ ਵੈਲੇਨਟਾਈਨ ਡੇਅ ਹੈ।' ਮੈਂ ਤਾਂ ਕੁਝ ਲੈ ਕੇ ਨਹੀਂ ਸੀ ਆਇਆ, ਇਸ ਲਈ ਮੈਂ ਕਿਹਾ 'ਮੈਂ ਤਾਂ ਕੁਝ ਨਹੀਂ ਲਿਆਇਆਂ।' ਦੋਨੋਂ ਨਣਦ ਭਰਜਾਈ ਦਾ ਇਹ ਸੁਣ ਕੇ ਉਦਾਸ ਹੋ ਗਈਆਂ। ਜਦੋਂ ਮੈਂ ਬੈਗ ਵਿੱਚੋਂ ਕੱਢ ਕੇ ਦੋਨਾਂ ਨੂੰ ਬਰਗਰ ਲਿਆ ਕੇ ਫੜਾਏ ਤਾਂ ਦੋਨਾਂ ਦੇ ਚਿਹਰੇ 'ਤੇ ਮੁਸਕਾਨ ਆ ਗਈ।

ਮੈਂ ਮਹਿਸੂਸ ਕੀਤਾ ਕਿ ਬਰਗਰ ਨਾਲ ਕਿੰਨੀ ਖ਼ੁਸ਼ੀ ਖ਼ਰੀਦ ਲਈ ਹੈ ਕਿਉਂਕਿ ਮੈਂ ਬਰਗਰ ਤੋਹਫ਼ੇ ਵਜੋਂ ਪੇਸ਼ ਕਰ ਦਿੱਤਾ ਸੀ। ਉਨ੍ਹਾਂ ਖ਼ੁਸ਼ੀ-ਖ਼ੁਸ਼ੀ ਬਰਗਰ ਖਾਧੇ ਤੇ ਰਾਤ ਦਾ ਰੋਟੀ-ਪਾਣੀ ਬਣਾਉਣ ਵਿਚ ਰੁੱਝ ਗਈਆਂ।

ਕੁਝ ਸਮੇਂ ਬਾਅਦ ਜਦੋਂ ਮੈਂ ਕੱਪੜੇ ਬਦਲਨ ਲਈ ਆਪਣੇ ਕਮਰੇ ਵਿਚ ਗਿਆ ਤਾਂ ਨੂਰ ਨੇ ਮੈਨੂੰ ਇਕ ਗੁਬਾਰਾ ਤੋਹਫ਼ੇ ਵਿਚ ਦਿੱਤਾ, ਜਿਸ ਉੱਤੇ ਪੈੱਨ ਨਾਲ ਕਈ ਗੱਲਾਂ ਤੇ ਸਕੈੱਚ ਨਾਲ 'ਵੈਲਨਟਾਈਨ ਡੇਅ' ਮੁਬਾਰਕਬਾਦ ਵੀ ਲਿਖਿਆ ਹੋਇਆ ਸੀ। ਹੱਥਾਂ ਨਾਲ ਸਜਾਇਆ ਤੋਹਫ਼ਾ ਭੇਟ ਕਰਨ ਬਾਅਦ ਨੂਰ ਨੇ ਮੈਨੂੰ ਪੁੱਛਿਆ 'ਸੱਚ ਦੱਸਿਓ ਕਿਵੇਂ ਲੱਗਿਆ ਮੇਰਾ ਤੋਹਫ਼ਾ।' ਮੈਂ 'ਬਹੁਤ ਵਧੀਆ' ਕਹਿ ਕੇ ਜਵਾਬ ਦਿੱਤਾ ਕਿਉਂ ਸੱਚ ਮੁੱਚ ਹੀ ਉਸ ਤੋਹਫ਼ੇ ਅੰਦਰੋਂ ਬਹੁਤ ਪਿਆਰ ਝਲਕ ਰਿਹਾ ਸੀ ਤੇ ਮੇਰੇ ਲਈ ਉਹ ਦੁਨੀਆ ਦਾ ਸਭ ਤੋਂ ਮਹਿੰਗਾ ਤੋਹਫ਼ਾ ਸੀ ਕਿਉਂਕਿ ਉਸ ਤੋਹਫ਼ੇ ਨੂੰ ਬਣਾਉਣ ਪਿੱਛੇ ਸਮੋਇਆ ਪਿਆਰ ਡੁੱਲ੍ਹ-ਡੁੱਲ੍ਹ ਪੈ ਰਿਹਾ ਸੀ।

ਮੈਂ ਉਸ ਤੋਹਫ਼ੇ ਨੂੰ ਗੌਰ ਨਾਲ ਦੇਖ ਰਿਹਾ ਸੀ ਕਿ ਨੂਰ ਕਹਿਣ ਲੱਗੀ 'ਮੇਰਾ ਦਿਲ ਸੀ ਮੈਂ ਤੁਹਾਨੂੰ ਕੋਈ ਤੋਹਫ਼ਾ ਜ਼ਰੂਰ ਦੇਵਾਂ, ਕੀ ਦੇਵਾਂ ਮੈਂ ਬਹੁਤ ਸੋਚਿਆ? ਇਕੱਲੀ ਬਾਜ਼ਾਰ ਤਾਂ ਜਾ ਨਹੀਂ ਸਕਦੀ ਸੀ ਇਸ ਲਈ ਘਰ ਵਿੱਚੋਂ ਹੀ ਕੁਝ ਦੇਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਮੈਂ ਹਾਲੇ ਸੋਚ ਹੀ ਰਹੀ ਸੀ ਅਚਾਨਕ



ਮੇਰੀ ਨਿਗ੍ਹਾ ਗੁਬਾਰੇ ਨਾਲ ਖੇਡ ਰਹੇ ਕਰਨਵੀਰ (ਪੁੱਤਰ) 'ਤੇ ਪਈ, ਮੈਂ ਸੋਚਿਆ ਗੁਬਾਰੇ ਉੱਤੇ ਹੀ ਹੈਪੀ ਵੈਲਨਟਾਈਨ ਡੇਅ ਲਿਖ ਕੇ ਦੇ ਦੇਵਾਂਗੀ ਪਰ ਜਦੋਂ ਮੈਂ ਗੁਬਾਰੇ ਉੱਤੇ ਲਿਖਣ ਲਈ ਪੈੱਨ ਹੱਥ ਫੜਿਆ ਤਾਂ ਮੇਰਾ ਦਿਲ ਇਕਦਮ ਡਰਿਆ ਕਿਤੇ ਪੈੱਨ ਚਲਾਉਣ ਨਾਲ ਹਵਾ ਦਾ ਭਰਿਆ ਗੁਬਾਰਾ ਫਟ ਹੀ ਨਾ ਜਾਵੇ ਫਿਰ ਮੈਂ ਆਪਣੇ ਆਪ ਨੂੰ ਆਪ ਦਿਲਾਸਾ ਦਿੱਤਾ ਨਹੀਂ ਇੱਦਾਂ ਨਹੀਂ ਹੋ ਸਕਦਾ। ਮੈਂ ਹੌਲੀ-ਹੌਲੀ ਲਿਖਣਾ ਸ਼ੁਰੂ ਕਰ ਦਿੱਤਾ ਤੇ ਡਰਦੇ-ਡਰਦੇ ਗੁਬਾਰੇ ਉੱਤੇ ਵੈਲੇਨਟਾਈਨ ਡੇਅ ਮੁਬਾਰਕਬਾਦ ਦੇ ਨਾਲ-ਨਾਲ ਹੋਰ ਵੀ ਤੁਹਾਡੇ ਬਾਰੇ ਬਹੁਤ ਕੁਝ ਲਿਖ ਦਿੱਤਾ। ਹੱਥੀਂ ਤਿਆਰ ਕੀਤਾ ਤੋਹਫ਼ਾ ਦੇਖ ਮੈਨੂੰ ਬਹੁਤ ਖ਼ੁਸ਼ੀ ਹੋਈ ਪਰ ਇਕ ਡਰ ਵੀ ਸਤਾਉਣ ਲੱਗਿਆ ਕਿਤੇ ਤੁਹਾਡੇ ਘਰ ਆਉਣ ਤੋਂ ਪਹਿਲਾਂ ਹੀ ਗੁਬਾਰਾ ਫਟ ਨਾ ਜਾਵੇ।

ਸ਼ੁਕਰ ਹੈ ਐਦਾਂ ਹੋਇਆ ਨਹੀਂ, ਮੈਂ ਭਾਵਨਾਵਾਂ ਅਤੇ ਪਿਆਰ ਨਾਲ ਭਰਿਆ ਤੋਹਫ਼ਾ ਤੁਹਾਨੂੰ ਭੇਟ ਕਰ ਕੇ ਬਹੁਤ ਖ਼ੁਸ਼ੀ ਮਹਿਸੂਸ ਕੀਤੀ।' ਨੂਰ ਦੀ ਇਸ ਸੋਚ ਕਾਰਨ ਮੇਰਾ ਉਸ ਨੂੰ ਸਲੂਟ ਕਰਨ ਦਾ ਦਿਲ ਕੀਤਾ। ਮੈਨੂੰ ਉਸ ਦੀ ਸੋਚ 'ਤੇ ਮਾਣ ਵੀ ਹੋਇਆ ਤੇ ਸਿੱਖਿਆ ਵੀ ਮਿਲੀ ਕਿ ਆਪਾਂ ਸਾਰੇ ਜੀਵਨ ਨੂੰ ਖ਼ੁਸ਼ਮਈ ਬਣਾਉਣ ਲਈ ਸਾਧਨ ਜੁਟਾਉਣ ਲਈ ਜੱਦੋ-ਜਹਿਦ ਕਰ ਰਹੇ ਹਾਂ। ਅਸੀਂ ਕੰਮ-ਕਾਰ ਵੀ ਇਸ ਕਰਕੇ ਹੀ ਕਰਦੇ ਹਾਂ ਕਿ ਪੈਸਾ ਕਮਾ ਕੇ ਜ਼ਿੰਦਗੀ ਨੂੰ ਸੁੱਖਮਈ ਬਣਾ ਸਕੀਏ ਪਰ ਮੌਜੂਦ ਸਾਧਨਾ ਨਾਲ ਖ਼ੁਸ਼ੀ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ। ਮੈਂ ਖ਼ੁਸ਼ਕਿਸਮਤ ਹਾਂ ਕਿ ਮੇਰੀ ਜੀਵਨ ਸਾਥਣ ਇਸ ਕਲਾ ਤੋਂ ਬਾਖ਼ੂਬੀ ਜਾਣੂ ਹੈ। ਆਪਾਂ ਸਾਰਿਆਂ ਨੂੰ ਹੀ ਕੋਸ਼ਿਸ਼ ਕਰਨੀ ਚਾਹੀਦੀ ਹੈ। •

97816-77772

---

ਤੇਜੀ ਢਿੱਲੋਂ

# ਸਮਾਜਿਕ ਮਾਣ-ਤਾਣ ਦੀ ਗੱਲ

ਹਰ ਕਿਸੇ ਦੀ ਸੋਚ ਹੁੰਦੀ ਹੈ ਕਿ ਉਹ ਜਿੱਥੇ ਵੀ ਰਹੇ ਉਸ ਨੂੰ ਵਧੀਆ ਸਮਾਜ ਮਿਲੇ ਤੇ ਸਮਾਜ ਵਿਚ ਰਹਿੰਦੇ ਲੋਕੀ ਉਸ ਨੂੰ ਪਿਆਰ-ਸਤਿਕਾਰ ਦੇਣ ਪਰ ਕਦੇ ਵਿਅਕਤੀ ਨੇ ਆਪਣੇ ਆਪ ਨੂੰ ਬਦਲਣ ਬਾਰੇ ਨਹੀਂ ਸੋਚਿਆ ਕਿਉਂਕਿ ਸਾਡੀ ਸੋਚ ਤਾਂ ਮਾਣ ਸਤਿਕਾਰ ਪਾਉਣ ਤਕ ਸੀਮਤ ਹੋ ਕੇ ਰਹਿ ਗਈ ਹੈ। ਉਸ ਨੇ ਉਹ ਕਦੇ ਸੋਚਿਆ ਨਹੀਂ ਕਿ ਇਹ ਮਿਲਦਾ ਕਿੱਦਾਂ, ਸਮਾਜ ਅੰਦਰ ਕੀ ਕਰਨ ਦੀ ਲੋੜ ਹੈ, ਸਤਿਕਾਰ ਪਾਉਣ ਲਈ। ਜੋ ਅਸੀ ਕਿਸੇ ਨੂੰ ਦੇਵਾਂਗੇ ਉਹੀ ਵਾਪਸ ਲਵਾਂਗੇ. ਬੇਸੱਕ ਉਹ ਮਾਣ-ਸਤਿਕਾਰ ਹੋਵੇ ਜਾਂ ਫਿਰ ਨਫ਼ਰਤ। ਜੇਕਰ ਅਸੀ ਆਪਣੇ ਤੋਂ ਵੱਡਿਆਂ ਨੂੰ ਸਤਿਕਾਰ ਦਿੰਦੇ ਹਾਂ ਤਾਂ ਸੁਭਾਵਿਕ ਹੀ ਉਸ ਦੇ ਬਦਲੇ ਆਪ ਤੋਂ ਛੋਟੇ ਤੁਹਾਨੂੰ ਮਾਣ-ਸਤਿਕਾਰ ਤੇ ਪਿਆਰ ਦੇਣਗੇ।

ਸਮਾਜ ਵਿਚ ਕੁਝ ਹਾਸਲ ਕਰਨ ਲਈ ਜ਼ਿੰਦਗੀ ਨਾਲ ਜੱਦੋ-ਜਹਿਦ ਕਰਨੀ ਪੈਂਦੀ ਹੈ। ਨਿੱਕੀਆਂ-ਨਿੱਕੀਆਂ ਗੱਲਾਂ ਜੋ ਬੇਸੱਕ ਅਸੀ ਵੇਖਣ ਵਿਚ ਨਜ਼ਰ ਅੰਦਾਜ਼ ਕਰ ਜਾਂਦੇ ਹਾਂ ਪਰ ਸਮਾਂ ਪੈ ਕੇ ਉਹ ਵੀ ਦਿਸਣੀਆਂ ਸ਼ੁਰੂ ਹੋ ਜਾਂਦੀਆ ਹਨ।

ਜਦੋਂ ਅਸੀ ਜ਼ਿੰਦਗੀ ਦੇ ਆਖ਼ਰੀ ਪੜਾਅ ਜਾਣੀ ਕਿ ਬੁਢਾਪੇ ਵੱਲ ਵਧਣੇ ਸ਼ੁਰੂ ਹੋ ਜਾਂਦੇ ਹਾਂ ਤਾਂ ਅਸੀ ਇਕ ਚੰਗੇ ਸਮਾਜ ਸਿਰਜਣ ਦੇ ਸੁਪਨੇ ਵੇਖਦੇ ਹਾਂ ਕਿਉਂਕਿ ਅਸਲ ਵਿਚ ਬੁਢਾਪੇ ਸਮੇਂ ਸਾਡੇ ਕੋਲ ਸਮਾਂ ਹੁੰਦਾ ਸੋਚਣ ਪਰ ਸੋਚ ਕੇ ਕੁਝ ਕਰ ਵਿਖਾਉਣ ਦੇ ਕਾਬਲ ਨ੍ਹੀਂ ਹੁੰਦੇ। ਤੁਰਿਆ ਨ੍ਹੀਂ ਜਾਂਦਾ ਗੋਡੇ ਮੋਢੇ ਦਰਦ ਕਰਦੇ ਆ ਤੇ ਜਦੋਂ ਆਪਣੇ ਹੱਥੀ ਪਾਲੀ ਔਲਾਦ ਨੂੰ ਨਸੀਹਤ ਦਿੰਦੇ ਹਾਂ ਤਾਂ ਉਹ ਕਹਿੰਦੇ ਆ ਐਵੇਂ ਬੋਲੀ ਜਾਂਦਾ, ਫਿਰ ਅਸੀ ਸੁਭਾਵਿਕ ਕਹਿ ਦਿੰਦੇ ਆ ਕਿ ਜਵਾਨੀ ਸਾਡੇ ਤੋਂ ਵੀ ਲੰਘੀ ਐ, ਕਿਉਂਕਿ ਜਵਾਨੀ ਸਮੇਂ ਤਾਂ ਅਸੀ ਵੀ ਕੁਝ ਨਹੀ ਸੋਚਿਆ ਸੀ।

ਜਿਵੇਂ ਅਸੀ ਮਕਾਨ ਬਣਾਉਂਦੇ ਹਾਂ ਉਸ ਦੀਆਂ ਨੀਹਾਂ ਨੂੰ ਮਜ਼ਬੂਤ ਕਰਦੇ ਹਾਂ ਕਿ ਕਿਤੇ ਆਉਣ ਵਾਲੇ ਸਮੇਂ ਵਿਚ ਤਰੇੜਾਂ ਨਾ ਆ ਜਾਣ ਕਿਉਂਕਿ ਤਰੇੜਾਂ ਆਉਣ ਤੋਂ ਬਾਅਦ ਮਕਾਨ ਦਾ ਢਹਿ-ਢੇਰੀ ਹੋਣਾ ਸੰਭਵ ਹੈ। ਇਸੇ ਤਰ੍ਹਾਂ ਜਦੋਂ ਚੰਗਾ ਸਮਾਜ ਸਿਰਜਣਾ ਹੋਵੇ ਭਾਵ ਸਮਾਜ ਵਿਚ ਮਾਣ-ਸਤਿਕਾਰ ਪਾਉਣਾ ਹੋਵੇ ਤਾਂ ਉਸ ਦੀਆਂ ਨੀਹਾਂ ਬੱਚਿਆਂ ਨੂੰ ਚੰਗੀ ਸਿੱਖਿਆ ਦੇ ਕੇ ਮਜ਼ਬੂਤ ਬਣਾਇਆਂ ਜਾਣ ਤਾਂ ਕਿ ਚੰਗੇ ਸਮਾਜ ਦੀ ਸਿਰਜਣਾ ਹੋ ਸਕੇ। ਕਿਸੇ ਨੇ ਸੱਚ ਕਿਹਾ ਹੈ, 'ਇੱਜ਼ਤ ਕਰਮ ਨਾਲ ਇੱਜ਼ਤ ਨਹੀਂ ਘਟਦੀ।' •

99156-45003

---

ਹਰਜਿੰਦਰ ਸਿੰਘ ਧਾਮੀ

# ਬੀਬੀ ਦੇ ਹੱਥਾਂ ਦਾ ਬਣਿਆ ਗਜਰੇਲਾ



ਸਰਦੀਆਂ ਦੇ ਦਿਨ ਹੁੰਦੇ ਸਨ। ਅਸੀਂ ਦੋਨੋਂ ਭਰਾ ਪਿਆਰ ਨਾਲ ਕਹਿੰਦੇ, 'ਬੀਬੀ.. ਬੀਬੀ ਗਜਰੇਲਾ ਬਣਾ ਦੇਵੋ , ਖਾਣ ਨੂੰ ਬੜਾ ਹੀ ਜੀਅ ਕਰਦਾ ਆ।' ਅੱਗੋਂ ਪਿਆਰ ਭਰੀ ਮੁਸਕਰੀ ਵਿਚ ਬੀਬੀ ਵੱਲੋਂ ਜੁਆਬ ਮਿਲਦਾ, 'ਨਖ਼ਸਮੇ ਹਫ਼ਤਾ ਵੀ ਨਹੀਂ ਪੈਣ ਦਿੰਦੇ।' ਕਹਿ ਕੇ ਅਸੀਂ ਖੇਡਣ ਜਾਂ ਪੜ੍ਹਨ ਲੱਗ ਪੈਂਦੇ ਤੇ ਬੀਬੀ ਸਬਜ਼ੀ ਵਾਲੇ ਭਾਈ ਦੇ ਹੋਕੇ ਦੀ ਆਵਾਜ਼ ਸੁਣਨ ਲੱਗ ਪੈਂਦੀ। ਉਹ ਚੁੱਪ-ਚੁਪੀਤੀ ਭਾਈ ਕੋਲੋਂ ਇਕ ਰੁਪਏ ਦੀਆਂ ਦੋ-ਢਾਈ ਸੇਰ (ਕਿੱਲੋ) ਗਾਜਰਾਂ ਖ਼ਰੀਦ ਕੇ, ਕੱਦੂ-ਕੱਸ ਕਰ ਕੇ, ਚੁੱਲ੍ਹੇ ਵਿਚ ਅੱਗ ਬਾਲ ਕੇ, ਵੱਡੀ ਕੜਾਹੀ ਵਿਚ ਤਿੰਨ-ਚਾਰ ਸੇਰ ਮੱਝ ਦਾ ਤਾਜ਼ਾ ਦੁੱਧ ਪਾ ਕੇ, ਕੜਛੀ ਨਾਲ ਕਾੜ੍ਹਨ ਲੱਗ ਪੈਂਦੀ। ਗਜਰੇਲਾ ਬਣਨ ਦੀ ਮਹਿਕ ਆਉਣ ਲੱਗ ਪੈਂਦੀ ਅਤੇ ਕੌਲੀਆਂ- ਚਮਚੇ ਚੁੱਕੀ, ਚੁੱਲ੍ਹੇ ਮੁੱਢ ਬੀਬੀ ਕੋਲ ਜਾ ਬੈਠਦੇ। ਇਕ ਰੁਪਿਆ ਦਿੰਦੀ ਹੋਈ ਉਹ ਕਹਿੰਦੀ, 'ਕਿੰਨੇ ਕਾਹਲੇ ਪਏ ਹੋਏ ਆ, ਪਹਿਲਾਂ ਚਰਨੇ ਦੀ ਹੱਟੀ ਤੋਂ ਖੰਡ , ਸੌਗੀ, ਕਾਜੂ ਲਿਆਓ।' ਖ਼ੁਸ਼ੀ-ਖ਼ੁਸ਼ੀ ਅਸੀਂ ਦੌੜਦੇ ਜਾਂਦੇ ਅਤੇ ਜਲ ਹੀ ਮੁੜ ਆ ਕੇ, ਬੀਬੀ ਕੋਲ, ਖ਼ਰੀਦਿਆ ਸੌਦਾ ਰੱਖ ਦਿੰਦੇ।

ਬੀਬੀ ਆਪਣੇ ਹਿਸਾਬ ਨਾਲ ਖੰਡ-ਗੁੜ, ਘਿਓ ਪਾ ਦਿੰਦੀ। ਬਿਲਕੁੱਲ ਤਿਆਰ ਹੋ ਚੁੱਕੇ ਗਜਰੇਲੇ ਵਿਚ ਸੌਗੀਆਂ, ਬਦਾਮ, ਕਾਜੂ ਆਦਿ ਜਦੋਂ ਪੈ ਜਾਂਦੇ ਤਾਂ ਸਾਡਾ ਸੱਬਰ ਦਾ ਪਿਆਲਾ ਵੀ ਟੁੱਟ ਜਾਂਦਾ ਤੇ ਅਸੀਂ ਕੌਲੀਆਂ ਅੱਗੇ ਤੋਂ ਅੱਗੇ ਕਰ ਦਿੰਦੇ। ਥੋੜ੍ਹਾ-ਥੋੜ੍ਹਾ ਕੌਲੀਆਂ ਵਿਚ ਗਜਰੇਲਾ ਪਾ ਕੇ ਸਾਨੂੰ ਬੀਬੀ ਕਹਿੰਦੀ, 'ਫੂਕਾਂ ਮਾਰ-ਮਾਰ ਕੇ ਹੌਲੀ-ਹੌਲੀ ਖਾਇਓ, ਹੋਰ ਨਾਂ ਮੂੰਹ ਵਿਚ ਛਾਲੇ ਪੁਆ ਲਇਓ।' ਬੀਬੀ ਕਿਸੇ ਖ਼ਾਸ ਭਾਂਡੇ ਵਿਚ ਪਾ ਕੇ , ਸਾਡੇ ਤੋਂ ਛੁਪਾ ਕੇ, ਗਜਰੇਲਾ ਅਲਮਾਰੀ ਵਿਚ ਰੱਖ ਦਿੰਦੀ। ਰੋਜ਼ਾਨਾ ਸਵੇਰੇ ਉੱਠਦੇ ਸਾਰ ਸਾਨੂੰ ਚਾਹ ਨਾਲ ਸੁਆਦਲਾ ਗਜਰੇਲਾ ਖਾਣ ਨੂੰ ਮਿਲ ਜਾਂਦਾ ਸੀ। ਅੱਜ ਨਾ ਤਾਂ ਮਾਂ ਦਾ ਪਿਆਰ ਸਿਰ 'ਤੇ ਰਿਹਾ ਤੇ ਨਾ ਹੀ ਬਚਪਨ ਦਾ ਉਹ ਅਨਮੋਲ ਸਮਾਂ। ਨਾ ਹੀ ਖ਼ਾਲਸ ਦੁੱਧ, ਘਿਓ, ਖੰਡ- ਗੁੜ ਅੱਜ ਦਿੱਸਦੇ ਅਤੇ ਨਾ ਹੀ ਜੈਵਿਕ ਖਾਦ ਤੇ ਉੱਗੀਆਂ ਗਾਜਰਾਂ ਕਿੱਧਰੇ ਮਿਲਦੀਆਂ ਹਨ।

ਚਾਲੀ-ਪੰਜਾਹ ਗੁਣਾਂ ਮਹਿੰਗਾਈ ਵਧਣ ਦੇ ਬਾਵਜੂਦ ਵੀ ਸਭ ਚੀਜ਼ਾਂ ਵਿਚ ਮਿਲਾਵਟ ਬਾਰੇ, ਸਾਰੇ ਦੇਸ਼ ਦੇ ਹਰੇਕ ਰਾਜ ਵਿਚ ਹਾਹਾਕਾਰ ਮਚੀ ਹੋਈ ਹੈ । ਯੂਰੀਆ ਤੇ ਹੋਰ ਜ਼ਹਿਰੀਲੀਆਂ ਰਸਾਇਣਕ ਖਾਦਾਂ ਰਾਹੀਂ ਉੱਗੀਆਂ ਗਾਜਰਾਂ ਵਿਚ ਵੀ ਮਿਠਾਸ ਦੀ ਵਿਜਾਏ ਖਟਾਸ ਹੀ ਭਰੀ ਹੋਈ ਜਾਪਦੀ ਹੈ। ਇਹ ਸੱਚ ਹੈ ਵਿਆਹ-ਸ਼ਾਦੀ ਜਾਂ ਘਰ ਵਿਚ ਬਣੇ ਗਜਰੇਲੇ ਨੂੰ ਵੇਖ ਕੇ, ਹੁਣ ਵੀ ਬੱਚਿਆਂ ਵਾਂਗ ਮੂੰਹ ਵਿਚ ਪਾਣੀ ਆ ਜਾਂਦਾ ਹੈ। ਪ੍ਰੰਤੂ ਹੁਣ ਮੂੰਹ ਵਿਚ ਗਜਰੇਲੇ ਦਾ ਚਮਚਾ ਪਾਉਂਦਿਆਂ ਹੀ ਡਰ ਲੱਗਦਾ ਹੈ ਕਿ ਭੋਰਾ ਜ਼ਿਆਦਾ ਖਾ ਲਿਆ ਤਾਂ ਘਰ ਵਿਚ ਜਾ ਕੇ ਬਣੀ ਜ਼ਹਿਰ ਨੂੰ ਕੱਢਣ ਲਈ ਉਲਟੀਆਂ ਦਾ ਸਹਾਰਾ ਹੀ ਨਾ ਲੈਣਾ ਪੈ ਜਾਵੇ। ਬੀਬੀ ਦੇ ਗਜਰੇਲੇ ਵਿਚ ਮਮਤਾ, ਪਿਆਰ, ਹਾਸਾ, ਖ਼ੁਸ਼ੀ, ਸਾਦਗੀ ਤੇ ਸ਼ੁੱਧਤਾ ਦੀ ਖ਼ੁਸ਼ਬੂ ਆਉਂਦੀ ਸੀ ਪਰ ਅਜੋਕੇ ਸਮੇਂ ਦੇ ਗਜਰੇਲੇ ਵਿਚ ਮਿਲਾਵਟ, ਗੰਦਗੀ, ਮਹਿੰਗਾਈ ਤੇ ਖ਼ੌਫ਼-ਡਰ ਵਿਖਾਈ ਦਿੰਦਾ ਹੈ। ਰੱਬ ਹੀ ਲੋਕਾਂ ਨੂੰ ਸਮੱਤ ਬਖ਼ਸ਼ੇ। ਹਰੇਕ ਵਿਅਕਤੀ ਚਾਹੁੰਦਾ ਹੈ ਕਿ ਅਸੀਂ ਆਪਣੀ ਬਾਕੀ ਜ਼ਿੰਦਗੀ ਦੇ ਸੁੱਖ ਦੇ ਸੁਆਸ ਲੈਂਦੇ ਹੋਏ, ਮੁੜ ਉਹ ਸ਼ੁੱਧ, ਖ਼ਾਲਿਸ ਗਜਰੇਲਾ ਜਾਂ ਹੋਰ ਸੁਆਦਲੀਆਂ ਮਠਿਆਈਆਂ ਦਾ ਸੰਵਾਦ ਬਿਨਾਂ ਡਰ ਤੋਂ ਚੱਖ ਸਕੀਏ। •

98144-32347

## ਸੰਪਾਦਕੀ

# ਚੋਣ ਅਮਲ ’ਤੇ ਲੱਗਿਆ ਦਾਗ

ਆਮ ਤੌਰ ’ਤੇ ਵਿਰੋਧੀ ਧਿਰ ਵਲੋਂ ਸੱਤਾਧਾਰੀ ਪਾਰਟੀ ਉੱਪਰ ਸੱਤਾ ਦੀ ਦੁਰਵਰਤੋਂ ਜਾਂ ਵਧੀਕੀਆਂ ਦੇ ਦੋਸ਼ ਲਾਉਣ ਵੇਲੇ ਲੋਕਤੰਤਰ ਦੀ ਹੱਤਿਆ ਜਾਂ ਲੋਕਤੰਤਰ ਦੇ ਮਜ਼ਾਕ ਜਿਹੇ ਸ਼ਬਦਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਪਰ ਜਦੋਂ ਸੁਪਰੀਮ ਕੋਰਟ ਨੂੰ 30 ਜਨਵਰੀ ਨੂੰ ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਦੀ ਚੋਣ ਵਿਚ ਹੋਈ ਧਾਂਦਲੀ ਮੁਤੱਲਕ ਇਹੋ ਜਿਹੇ ਸ਼ਬਦਾਂ ਦਾ ਇਸਤੇਮਾਲ ਕਰਨਾ ਪਿਆ ਤਾਂ ਕੋਈ ਸ਼ੱਕ ਸ਼ੁਬਹਾ ਨਹੀਂ ਰਹਿ ਗਿਆ ਕਿ ਸਾਡੀ ਸਮੁੱਚੀ ਵਿਵਸਥਾ ਕਿੰਨੀ ਨਿੱਘਰ ਚੁੱਕੀ ਹੈ। ਇਹ ਚੋਣ ਕਰਾਉਣ ਦੀ ਜ਼ਿੰਮੇਵਾਰੀ ਜਿਸ ਰਿਟਰਨਿੰਗ ਅਫ਼ਸਰ ਦੀ ਸੀ, ਉਸ ਨੂੰ ਕਰਾਰੇ ਹੱਥੀਂ ਲੈਂਦਿਆਂ ਅਦਾਲਤ ਨੇ ਕਿਹਾ ਕਿ ਸਾਫ਼ ਨਜ਼ਰ ਆ ਰਿਹਾ ਹੈ ਕਿ ਉਸ ਨੇ ਮਤ ਪੱਤਰਾਂ ਨਾਲ ਛੇੜ-ਛਾੜ ਕੀਤੀ ਹੈ ਜਿਸ ਕਰ ਕੇ ਉਸ ਦੇ ਖਿਲਾਫ਼ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਉਸ ਦਿਨ ਸਿਰਫ਼ 36 ਵੋਟਾਂ ਦਾ ਭੁਗਤਾਨ ਹੋਇਆ ਸੀ ਜਿਨ੍ਹਾਂ ਵਿੱਚੋਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਸਾਂਝੇ ਉਮੀਦਵਾਰ ਦੇ ਹੱਕ ਦੀਆਂ ਅੱਠ ਵੋਟਾਂ ਨੂੰ ਨਾਵਾਜਬ ਕਰਾਰ ਦੇ ਕੇ ਭਾਜਪਾ ਉਮੀਦਵਾਰ ਜਿਸ ਨੂੰ 16 ਵੋਟਾਂ ਮਿਲੀਆਂ ਸਨ, ਜੇਤੂ ਕਰਾਰ ਦੇ ਦਿੱਤਾ ਗਿਆ ਸੀ। ਆਪ ਅਤੇ ਕਾਂਗਰਸ ਨੇ ਇਹ ਵੀ ਦੋਸ਼ ਲਾਇਆ ਸੀ ਕਿ ਰਿਟਰਨਿੰਗ ਅਫ਼ਸਰ ਦੀ ਹੈਸੀਅਤ ਵਿਚ ਉਸ ਨਾਮਜ਼ਦ ਕੌਂਸਲਰ ਨੇ ਮਤ ਪੱਤਰਾਂ ਨਾਲ ਛੇੜ-ਛਾੜ ਕਰ ਕੇ ਭਾਜਪਾ ਉਮੀਦਵਾਰ ਨੂੰ ਜੇਤੂ ਐਲਾਨਿਆ ਸੀ। ਚੀਫ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਹੇਠ ਤਿੰਨ ਜੱਜਾਂ ਦੇ ਬੈਂਚ ਨੇ ਸੋਮਵਾਰ ਨੂੰ ਚੋਣ ਪ੍ਰਕਿਰਿਆ ਦੀ ਕਾਰਵਾਈ ਦੇਖਣ ਤੋਂ ਬਾਅਦ ਪ੍ਰੀਜ਼ਾਈਡਿੰਗ ਅਫਸਰ ਦੀ ਨੁਮਾਇੰਦਗੀ ਕਰ ਰਹੇ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਇਹ ਵੀਂ ਕਹਾ, “ਕ੍ਰਿਪਾ ਕਰਕੇ ਆਪਣੇ ਰਿਟਰਨਿੰਗ ਅਫਸਰ ਨੂੰ ਦੱਸ ਦਿਓ ਕੀ ਸੁਪਰੀਮ ਕੋਰਟ ਉਸ ’ਤੇ ਨਜ਼ਰ ਰੱਖ ਰਿਹਾ ਹੈ। ਅਸੀਂ ?ਇਸ ਤਰ੍ਹਾਂ ਲੋਕਤੰਤਰ ਦੀ ਹੱਤਿਆ ਨਹੀਂ ਹੋਣ ਦੇਵਾਂਗੇ। ਉਨ੍ਹਾਂ ਆਖਿਆ ਕਿ ਜੇ ਅਦਾਲਤ ਚੋਣ ਪ੍ਰਕਿਰਿਆ ਦੀ ਪਾਕੀਜ਼ਗੀ ਤੋਂ ਸੰਤੁਸ਼ਟ ਨਾ ਹੋਈ ਤਾਂ ਨਵੇਂ ਸਿਰੇ ਤੋਂ ਚੋਣਾਂ ਕਰਾਉਣ ਦਾ ਹੁਕਮ ਦਿੱਤਾ ਜਾਵੇਗਾ। ਇਸ ਲਈ ਬੈਂਚ ਨੇ ਮਤ ਪੱਤਰਾਂ ਤੇ ਮਤਦਾਨ ਦੀ ਕਾਰਵਾਈ ਦੀ ਰਿਕਾਰਡਿੰਗ ਹਾਈ ਕੋਰਟ ਦੀ ਰਜਿਸਟਰੀ ਕੋਲ ਜਮ੍ਹਾਂ ਕਰਾਉਣ ਤੋਂ ਇਲਾਵਾ ਰਿਟਰਨਿੰਗ ਅਫ਼ਸਰ ਨੂੰ ਅਗਲੀ ਪੇਸ਼ੀ ’ਤੇ ਪੇਸ਼ ਹੋਣ ਦਾ ਹੁਕਮ ਦਿੱਤਾ ਹੈ।

ਮਤਦਾਨ ਦੀ ਰਿਕਾਰਡਿੰਗ ਤੋਂ ਸਾਫ਼ ਜ਼ਾਹਿਰ ਹੋ ਰਿਹਾ ਹੈ ਕਿ ਰਿਟਰਨਿੰਗ ਅਫ਼ਸਰ ਨੇ ਪੱਖਪਾਤ ਕੀਤਾ ਸੀ। ਉਸ ਦੇ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਜ਼ਰੂਰੀ ਹੈ ਤਾਂ ਕਿ ਚੋਣ ਪ੍ਰਕਿਰਿਆ ਦਾਗੀ ਸਿੱਧ ਨਾ ਹੋ ਜਾਵੇ। ਸਾਫ਼ ਸੁਥਰੀਆਂ ਚੋਣਾਂ ਅਤੇ ਸਾਰੇ ਉਮੀਦਵਾਰਾਂ ਅਤੇ ਪਾਰਟੀਆਂ ਲਈ ਇਕ ਸਮਾਨ ਮੌਕੇ ਲੋਕਰਾਜ ਦੀ ਬੁਨਿਆਦੀ ਸ਼ਰਤ ਹੁੰਦੇ ਹਨ। ਇਸ ਨਜ਼ਰੀਏ ਤੋਂ ਚੰਡੀਗੜ੍ਹ ਦੇ ਮੇਅਰ ਦੇ ਅਹੁਦੇ ਲਈ ਇਕ ਨਿਰਪੱਖ ਰਿਟਰਨਿੰਗ ਅਫ਼ਸਰ ਦੀ ਨਿਗਰਾਨੀ ਹੇਠ ਨਵੇਂ ਸਿਰੇ ਤੋਂ ਚੋਣਾਂ ਸਮੇਂ ਦੀ ਲੋੜ ਹੈ। ਕੁਝ ਮਹੀਨਿਆਂ ਦੇ ਅੰਦਰ ਅੰਦਰ ਦੇਸ਼ ਵਿਚ ਆਮ ਚੋਣਾਂ ਹੋਣਗੀਆਂ ਤਾਂ ਚੁਣਾਵੀ ਪ੍ਰਕਿਰਿਆ ਦੀ ਕਿਸੇ ਵੀ ਧਿਰ ਅੰਦਰ ਚੋਣਾਂ ਦੀ ਨਿਰਪੱਖਤਾ ਅਤੇ ਸੁਤੰਤਰਤਾ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦਾ ਸ਼ੱਕ ਸ਼ੁਬਹਾ ਪੈਦਾ ਨਹੀਂ ਹੋਣਾ ਚਾਹੀਦਾ। ਜੇਕਰ ਜਮਹੂਰੀਅਤ ਦੇ ਸਤਿਕਾਰ ਨੂੰ ਕਾਇਮ ਰੱਖਣਾ ਹੈ ਤਾਂ ਪਾਰਦਰਸ਼ੀ ਚੋਣ ਅਮਲ ਨੂੰ ਅਪਣਾਉਣਾ ਬਹੁਤ ਅਹਿਮ ਹੈ।

# ਪ੍ਰੀਖਿਆਵਾਂ ਦੀ ਨਿਰਖ ਪਰਖ

ਸਾਡੇ ਦੇਸ਼ ਵਿਚ ਹਰ ਤਰ੍ਹਾਂ ਦੀਆਂ ਪ੍ਰੀਖਿਆਵਾਂ ਵਿਚ ਗੜਬੜ ਦੀਆਂ ਘਟਨਾਵਾਂ ਪਿਛਲੇ ਕਈ ਸਾਲਾਂ ਤੋਂ ਸਾਹਮਣੇ ਆ ਰਹੀਆਂ ਹਨ ਪਰ ਪਿਛਲੇ ਕੁਝ ਸਾਲਾਂ ਤੋਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਭਰੋਸੇਯੋਗਤਾ ’ਤੇ ਹੀ ਸਵਾਲੀਆ ਨਿਸ਼ਾਨ ਲੱਗ ਗਏ ਹਨ। ਇਸ ਸਬੰਧ ਵਿਚ ਹਾਲੀਆ ਮੀਡੀਆ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਹਾਲਾਤ ਕਿੰਨੇ ਚਿੰਤਾਜਨਕ ਬਣ ਚੁੱਕੇ ਹਨ। ਪਿਛਲੇ ਪੰਜ ਸਾਲਾਂ ਦੌਰਾਨ ਇਨ੍ਹਾਂ ਪ੍ਰੀਖਿਆਵਾਂ ਦੇ ਪੇਪਰ ਲੀਕ ਦੇ 41 ਕੇਸ ਸਾਹਮਣੇ ਆਏ ਹਨ ਜਿਨ੍ਹਾਂ ਕਰ ਕੇ 15 ਸੂਬਿਆਂ ਵਿਚ ਸਰਕਾਰੀ ਭਰਤੀ ਦੀ ਪ੍ਰਕਿਰਿਆ ਰੋਕਣੀ ਪਈ ਸੀ। ਇਨ੍ਹਾਂ ਪ੍ਰੀਖਿਆਵਾਂ ਵਿਚ 1 ਕਰੋੜ 40 ਲੱਖ ਉਮੀਦਵਾਰ ਬੈਠੇ ਸਨ ਅਤੇ ਪੇਪਰ ਲੀਕ ਹੋਣ ਕਰ ਕੇ 1 ਲੱਖ ਚਾਰ ਹਜ਼ਾਰ ਸਰਕਾਰੀ ਨੌਕਰੀਆਂ ਦੀ ਭਰਤੀ ਪ੍ਰਭਾਵਿਤ ਹੋਈ ਸੀ। ਭਰਤੀ ਦਾ ਸਮੁੱਚਾ ਢਾਂਚਾ ਡਾਵਾਂਡੋਲ ਹੋ ਗਿਆ ਹੈ। ਇਸ ਕਰ ਕੇ ਪ੍ਰੀਖਿਆਵਾਂ ਵਿਚ ਦੇਰੀ ਜਾਂ ਫਿਰ ਰੱਦ ਕਰ ਦੇਣਾ ਆਮ ਗੱਲ ਹੋ ਗਈ ਹੈ। ਹੁਣ ਇਸ ਸਮੱਸਿਆ ਨੂੰ ਹੱਲ ਕਰਨ ਲਈ ਲੋਕ ਸਭਾ ਵਿਚ ਜਨਤਕ ਪ੍ਰੀਖਿਆਵਾਂ (ਗ਼ਲਤ ਤੌਰ ਤਰੀਕਿਆਂ ਦੀ ਰੋਕਥਾਮ) ਬਾਰੇ ਬਿਲ ਪੇਸ਼ ਕੀਤਾ ਗਿਆ ਹੈ। ਕੇਂਦਰ ਨੇ ਆਸ ਜਤਾਈ ਹੈ ਕਿ ਇਹ ਬਿਲ ਪ੍ਰੀਖਿਆਵਾਂ ਵਿਚ ਨਕਲ ਅਤੇ ਹੋਰ ਗ਼ਲਤ ਹਥਕੰਡਿਆਂ ਦੀ ਵਰਤੋਂ ਰੋਕਣ ਵਿਚ ਕਾਰਗਰ ਸਾਬਿਤ ਹੋਵੇਗਾ ਅਤੇ ਸੂਬੇ ਇਸ ਨੂੰ ਮਾਡਲ ਬਿਲ ਵਜੋਂ ਵਰਤਣਗੇ। ਕੁਝ ਸੂਬਿਆਂ ਨੇ ਤਾਂ ਪਹਿਲਾਂ ਹੀ ਇਸ ਸਬੰਧੀ ਕਾਨੂੰਨ ਤਿਆਰ ਕਰ ਲਏ ਹਨ। ਇਸ ਸਾਂਝੇ ਮਨੋਰਥ ਦੇ ਮੱਦੇਨਜ਼ਰ ਕੇਂਦਰ ਅਤੇ ਸੂਬਿਆਂ ਦਰਮਿਆਨ ਕਰੀਬੀ ਤਾਲਮੇਲ ਤੇ ਸਹਿਯੋਗ ਦੀ ਲੋੜ ਹੈ। ਬਿਲ ਤਹਿਤ ਜੋ ਕੌਮੀ ਤਕਨੀਕੀ ਕਮੇਟੀ ਬਣਾਉਣ ਦਾ ਪ੍ਰਸਤਾਵ ਹੈ (ਜਿਸ ਨੂੰ ਕੰਪਿਊਟਰੀ ਟੈਸਟਿੰਗ ਪ੍ਰਕਿਰਿਆ ਦੀ ਸੁਰੱਖਿਆ ਵਧਾਉਣ ਦਾ ਜਿ ?ਮਾ ਦਿੱਤਾ ਗਿਆ ਹੈ), ਉਸ ਨੂੰ ਵੀ ਦਿਲ ਖੋਲ੍ਹ ਕੇ ਹਮਾਇਤ ਦੇਣ ਦੀ ਲੋੜ ਪਵੇਗੀ।

ਇਸ ਬਿਲ ਵਿਚ ਪ੍ਰੀਖਿਆ ਵਿਚ ਗ਼ਲਤ ਵਿਹਾਰ ਦੀਆਂ 15 ਕਾਰਵਾਈਆਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਅਵੱਗਿਆਕਾਰੀ ਨੂੰ ਦਸ ਸਾਲ ਦੀ ਕੈਦ ਅਤੇ 1 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ। ਬੱਝਵੇਂ ਰੂਪ ਵਿਚ ਪੇਪਰ ਲੀਕ ਕਰਨ ਦੇ ਕੇਸਾਂ ਮੁਤੱਲਕ ਹੋਰ ਵੀ ਸਖ਼ਤ ਵਿਵਸਥਾ ਕੀਤੀ ਗਈ ਹੈ। ਇਹ ਸਾਰੇ ਅਪਰਾਧ ਸੰਗੀਨ ਅਤੇ ਗ਼ੈਰ-ਜ਼ਮਾਨਤ ਯੋਗ ਗਿਣੇ ਜਾਣਗੇ। ਪੁਲੀਸ ਬਿਨਾਂ ਵਾਰੰਟ ਤੋਂ ਕਾਰਵਾਈ ਕਰ ਸਕਦੀ ਹੈ ਅਤੇ ਇਨ੍ਹਾਂ ਦੇ ਸਬੰਧ ਵਿਚ ਕੋਈ ਰਾਜ਼ੀਨਾਮਾ ਪ੍ਰਵਾਨ ਨਹੀਂ ਹੋਵੇਗਾ। ਪ੍ਰੀਖਿਆਵਾਂ ਵਿਚ ਧੋਖਾਧੜੀ ਦੀ ਇਹ ਅਲਾਮਤ ਬੇਰੁਜ਼ਗਾਰੀ ਦੇ ਸੰਕਟ ਅਤੇ ਸਰਕਾਰੀ ਨੌਕਰੀ ਹਾਸਲ ਕਰਨ ਦੇ ਹਰਬਿਆਂ ’ਤੇ ਵੀ ਰੋਸ਼ਨੀ ਪਾਉਂਦੀ ਹੈ। ਮਾਯੂਸੀ ਦੇ ਚੱਕਰ ਵਿਚ ਕਈ ਵਾਰ ਸਾਧਾਰਨ ਉਮੀਦਵਾਰ ਵੀ ਜਾਅਲਸਾਜ਼ਾਂ ਦੇ ਝਾਂਸਿਆਂ ਵਿਚ ਫਸ ਜਾਂਦੇ ਹਨ। ਇਸ ਲਿਹਾਜ਼ ਤੋਂ ਸਮੇਂ ਸਮੇਂ ’ਤੇ ਭਰਤੀ ਅਤੇ ਨਤੀਜਿਆਂ ਦਾ ਐਲਾਨ ਬਹੁਤ ਅਹਿਮੀਅਤ ਰੱਖਦਾ ਹੈ।

ਪ੍ਰੀਖਿਆਵਾਂ ਵਿਚ ਧੋਖਾਧੜੀ ਨੂੰ ਨੱਥ ਪਾਉਣ ਲਈ ਅਧਿਕਾਰੀਆਂ ਨੇ ਪਹਿਲਾਂ ਵੀ ਕਈ ਵਾਰ ਸਖ਼ਤ ਕਦਮ ਚੁੱਕੇ ਸਨ ਪਰ ਜਥੇਬੰਦ ਗਰੋਹ ਅਤੇ ਪੇਪਰ ਮਾਫੀਆ ਭ੍ਰਿਸ਼ਟ ਸਰਕਾਰੀ ਤੰਤਰ ਦੀ ਮਿਲੀਭੁਗਤ ਨਾਲ ਬੇਖ਼ੌਫ਼ ਹੋ ਕੇ ਵਿਚਰ ਰਹੇ ਹਨ। ਹੁਣ ਸਰਕਾਰ ਨੇ ਇਸ ਅਲਾਮਤ ਨੂੰ ਜਨਤਕ ਤੌਰ ’ਤੇ ਪ੍ਰਵਾਨ ਕਰ ਕੇ ਕਾਨੂੰਨੀ ਤਰੀਕਿਆਂ ਨਾਲ ਇਸ ਦੀ ਰੋਕਥਾਮ ਦੀ ਇੱਛਾ ਦਰਸਾਈ ਹੈ ਪਰ ਇਸ ਦੇ ਸਹੀ ਤੇ ਅਸਰਦਾਰ ਹੱਲ ਲਈ ਕਾਨੂੰਨੀ ਉਪਬੰਧਾਂ ਤੋਂ ਇਲਾਵਾ ਕੁਝ ਹੋਰ ਕਦਮ ਵੀ ਪੁੱਟਣ ਦੀ ਲੋੜ ਹੈ ਤਾਂ ਕਿ ਪ੍ਰੀਖਿਆਵਾਂ ਦੀ ਪਾਰਦਰਸ਼ਤਾ, ਵਾਜਬੀਅਤ ਅਤੇ ਭਰੋਸੇਯੋਗਤਾ ਬਹਾਲ ਹੋ ਸਕੇ।

# ‘ਇੰਡੀਆ’ ਗੱਠਜੋੜ ਦਾ ਰਾਹ ਆਸਾਨ ਨਹੀਂ

**ਰਾਧਿਕਾ ਰਾਮਾਸੇਸ਼ਨ**




ਮੁਲਕ ਦੀਆਂ ਆਮ ਚੋਣਾਂ ਸਿਰ ’ਤੇ ਹਨ ਅਤੇ ਸਿਆਸੀ ਪਿੜ ਵਿਚ ਹਰ ਪੱਖ ਤੋਂ ਹਾਕਮ ਭਾਜਪਾ ਹੀ ਹਾਵੀ ਦਿਖਾਈ ਦੇ ਰਹੀ ਹੈ। ਪਾਰਟੀ ਵੱਡੀ ਤੋਂ ਵੱਡੀ ਜਿੱਤ ਦਰਜ ਕਰਨ ਲਈ ਰਣਨੀਤੀਆਂ ਘੜ ਰਹੀ ਹੈ ਤੇ ਕਿਸੇ ਵੀ ਤਰ੍ਹਾਂ ਦੀ ਤੁਕ ਤੇ ਤਰਕ ਦੀ ਪ੍ਰਵਾਹ ਕੀਤੇ ਬਿਨਾਂ ਅਸੰਭਵ ਜਾਪਦੇ ਗੱਠਜੋੜਾਂ ਨੂੰ ਵੀ ਮਜ਼ਬੂਤ ਕਰ ਰਹੀ ਹੈ। ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਐਨਡੀਏ ਵਿਚ ਚੋਣਾਂ ਤੋਂ ਪਹਿਲਾਂ ਦੀਆਂ ਕੀਤੀਆਂ ਜਾ ਰਹੀਆਂ ਤਿਆਰੀਆਂ ਕਮਾਲ ਦੀਆਂ ਹਨ ਕਿਉਂਕਿ ਆਮ ਜਨਤਾ ਅਤੇ ਕਰੀਬ ਸਾਰੇ ਤਬਕਿਆਂ ਵਿਚ ਇਹ ਧਾਰਨਾ ਬਣ ਚੁੱਕੀ ਹੈ ਕਿ ਰਾਮ ਮੰਦਰ ਦੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਮੌਕੇ ਕੀਤੇ ਜ਼ੋਰਦਾਰ ਧੂਮ-ਧੜੱਕੇ ਵਾਲੇ ਜਸ਼ਨ ਇਕੱਲੇ ਹੀ ਆਪਣੇ ਆਪ ਵਿਚ ਹਾਕਮ ਗੱਠਜੋੜ ਨੂੰ ਜੇਤੂ ਬਣਾਉਣ ਲਈ ਕਾਫ਼ੀ ਹਨ, ਖ਼ਾਸਕਰ ਉੱਤਰੀ ਤੇ ਪੱਛਮੀ ਭਾਰਤ ਬਾਰੇ ਤਾਂ ਇਹ ਗੱਲ ਬਹੁਤ ਭਰੋਸੇ ਨਾਲ ਆਖੀ ਜਾ ਰਹੀ ਹੈ। ਭਾਜਪਾ ਦੇ ਅੰਦਰੂਨੀ ਹਲਕਿਆਂ ਮੁਤਾਬਕ ਪ੍ਰਧਾਨ ਮੰਤਰੀ ਨਰਿਦਰ ਮੋਦੀ ਚੋਣ ਰਾਜਨੀਤੀ ਪੱਖੋਂ ਕੋਈ ਕਸਰ ਬਾਕੀ ਨਹੀਂ ਛੱਡ ਰਹੇ; ਉਹ ਜ਼ਾਹਿਰਾ ਤੌਰ ’ਤੇ ਹੁਣ ਤੱਕ ਸਭ ਤੋਂ ਵੱਧ 404 ਲੋਕ ਸਭਾ ਸੀਟਾਂ ਜਿੱਤਣ ਦਾ ਕਾਂਗਰਸ ਦਾ ਰਿਕਾਰਡ ਤੋੜਨਾ ਚਾਹੁੰਦੇ ਹਨ। ਕਾਂਗਰਸ ਨੇ 1984 ਦੀਆਂ ਆਮ ਚੋਣਾਂ ਵਿਚ ਲੋਕ ਸਭਾ ਦੀਆਂ 404 ਸੀਟਾਂ ਜਿੱਤੀਆਂ ਸਨ (ਹਾਲਾਂਕਿ ਉਸ ਸਮੇਂ ਪੰਜਾਬ ਤੇ ਅਸਾਮ ਵਿਚ ਹਾਲਾਤ ਖ਼ਰਾਬ ਹੋਣ ਕਾਰਨ ਇਨ੍ਹਾਂ ਦੋਵਾਂ ਸੂਬਿਆਂ ਦੀਆਂ ਚੋਣਾਂ ਅੱਗੇ ਪਾ ਦਿੱਤੀਆਂ ਗਈਆਂ ਸਨ ਜੋ ਮਗਰੋਂ 1985 ਵਿਚ ਕਰਵਾਈਆਂ ਅਤੇ ਇਨ੍ਹਾਂ ਵਿਚ ਕਾਂਗਰਸ ਨੇ 10 ਸੀਟਾਂ ਹੋਰ ਜਿੱਤ ਲਈਆਂ ਸਨ)।

ਦੂਜੇ ਪਾਸੇ ਵਿਰੋਧੀ ਧਿਰ ਜਾਂ ਫਿਰ ‘ਇੰਡੀਆ’ ਗੱਠਜੋੜ ਦੀ ਛਤਰੀ ਹੇਠ ਇਕੱਠੇ ਹੋਏ ਇਕ ਅਹਿਮ ਵਰਗ ਦਾ ਕੀ ਹਾਲ ਹੈ ? ਕਾਂਗਰਸ ਅਤੇ ਕੁਝ ਖੇਤਰੀ ਪਾਰਟੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਵੱਖੋ-ਵੱਖ ਤਾਕਤਾਂ ਦਾ ਇਹ ਗੱਠਜੋੜ ਆਪਣੇ ਆਪ ਨੂੰ ਅਤੀਤ ਦੇ ਗੱਠਜੋੜਾਂ ਦੇ ਪ੍ਰਤੀਰੂਪ ਵਜੋਂ ਦੇਖਦਾ ਹੈ (ਭਾਵੇਂ ਇਹ ਚੋਣਾਂ ਤੋਂ ਬਾਅਦ ਦੀਆਂ ਬਣਤਰਾਂ ਸਨ) ਪਰ ਇਹ ਫਿਲਹਾਲ ਇਕ ਤਰ੍ਹਾਂ ਨਾਲ ਠੱਪ ਹੋ ਕੇ ਰਹਿ ਗਿਆ ਹੈ ਤੇ ਅੱਗੇ ਨਹੀਂ ਵਧ ਸਕਿਆ। ਅਸਲ ਵਿਚ ਇਸ ਦੇ ਭਾਈਵਾਲਾਂ ਦੇ ਆਪਸੀ ਮਤਭੇਦ ਜਨਤਕ ਤੌਰ ’ਤੇ ਸਾਹਮਣੇ ਆਉਣ ਲੱਗੇ, ਇਸ ਕਾਰਨ ਇਹ ਮੁੱਖ ਦਾਅਵੇਦਾਰ ਵਜੋਂ ਅਪ੍ਰਸੰਗਕ ਹੋ ਗਿਆ। ਜਨਤਾ ਦਲ (ਯੂਨਾਈਟਿਡ), ਭਾਵ ਜੇਡੀਯੂ ਜਿਸ ਨੂੰ ਖੇਤਰੀ ਪਾਰਟੀਆਂ ਦੀ ਇਕਮੁੱਠਤਾ ਦਾ ਆਧਾਰ ਮੰਨਿਆ ਜਾ ਰਿਹਾ ਸੀ, ਗੱਠਜੋੜ ਤੋਂ ਲਾਂਭੇ ਹੋ ਗਿਆ ਅਤੇ ਉਸ ਨੇ ਆਪਣੀ ਸਾਬਕਾ ਵਿਰੋਧੀ ਭਾਜਪਾ ਨੂੰ ਸਿਆਸੀ ਗਲਵੱਕੜੀ ਪਾ ਲਈ। ਬਿਹਾਰ ਵਿਚ ਹੋਏ ਇਸ ਰਾਜ ਪਲਟੇ ਦੀ ਵਿਉਂਤ ਭਾਜਪਾ ਦੇ ਚੋਟੀ ਦੇ ਆਗੂਆਂ ਨੇ ਬਣਾਈ ਸੀ। ਜੇਡੀਯੂ ਨੇ 2022 ਵਿਚ ਭਾਜਪਾ ਤੋਂ ਤੋੜ-ਵਿਛੋੜਾ ਕਰਨ ਦੇ ਬਾਵਜੂਦ ਇਸ ਦੇ ਆਗੂ ਹਰਿਵੰਸ਼ ਨਰਾਇਣ ਸਿੰਘ ਰਾਜ ਸਭਾ ਦੇ ਡਿਪਟੀ ਚੇਅਰਮੈਨ ਦੇ ਅਹੁਦੇ ਉੱਤੇ ਬਣੇ ਹੋਏ ਸਨ। ਮੁੱਖ ਮੰਤਰੀ ਨਿਤੀਸ਼ ਕੁਮਾਰ ਭਾਜਪਾ ਨਾਲ ਰਿਸ਼ਤੇ ਪੱਕੇ ਤੌਰ ’ਤੇ ਨਹੀਂ ਤੋੜਨਾ ਚਾਹੁੰਦੇ ਸਨ। ਇਸ ਕਾਰਨ ਉਨ੍ਹਾਂ ਭਵਿੱਖੀ ਮੇਲ-ਜੋਲ ਲਈ ਇਕ ਖਿੜਕੀ ਖੁੱਲ੍ਹੀ ਰੱਖੀ ਹੋਈ ਸੀ।

ਜੇਡੀਯੂ ਦੇ ਤੋੜ-ਵਿਛੋੜੇ ਕਾਰਨ ਬਿਹਾਰ ਵਿਚ ਆਰਜੇਡੀ ਅਤੇ ਕਾਂਗਰਸ ਨੂੰ ਸੱਤਾ ਤੋਂ ਹੱਥ ਧੋਣੇ ਪਏ ਹਨ (ਇਸ ਸੂਬੇ ਦੀਆਂ 40 ਲੋਕ ਸਭਾ ਸੀਟਾਂ ਹਨ)। ਇਸ ਘਟਨਾ ਨੇ ਹਿੰਦੂਤਵ ਦੀ ਸਿਆਸਤ ਦਾ ਮੁਕਾਬਲਾ ਜਾਤੀ ਸ਼ਕਤੀਕਰਨ ਨਾਲ ਕੀਤੇ ਜਾਣ ਦੀ ਯੋਜਨਾ ਨੂੰ ਵੀ ਖੂਹ-ਖਾਤੇ ਪਾ ਦਿੱਤਾ ਹੈ। ਇਹ ਯੋਜਨਾ ਜਾਤ ਆਧਾਰਿਤ ਮਰਦਮਸ਼ੁਮਾਰੀ ਕਰਵਾਏ ਜਾਣ ਦੀ ਉੱਠ ਰਹੀ ਜ਼ੋਰਦਾਰ ਮੰਗ ਰਾਹੀਂ ਉਲੀਕੀ ਗਈ ਸੀ ਤਾਂ ਕਿ ਹੋਰ ਪਛੜੇ ਵਰਗਾਂ (ਓਬੀਸੀ), ਦਲਿਤਾਂ ਅਤੇ ਕਬਾਇਲੀ ਭਾਈਚਾਰਿਆਂ ਦੀ ਅਸਲ ਗਿਣਤੀ ਦਾ ਪਤਾ ਲਾਇਆ ਜਾ ਸਕੇ। ਇਹ ਕਾਰਵਾਈ ਇਸ ਉਮੀਦ ਨਾਲ ਕੀਤੀ ਗਈ ਸੀ ਕਿ ਇਸ ਤਰ੍ਹਾਂ ਉੱਚੀਆਂ ਜਾਤਾਂ ਨੂੰ ਉੱਤਰੀ ਭਾਰਤ ਵਿਚ ਵੀ ਬਹੁਤ ਹੀ ਮਾਮੂਲੀ ਘੱਟਗਿਣਤੀ ਵਜੋਂ ਦਿਖਾਇਆ ਜਾ ਸਕੇਗਾ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਾਫ਼ੀ ਪਛੜ ਕੇ ਮੰਡਲ ਦਾ ਮੁੱਦਾ ਵੀ ਅਪਣਾਇਆ ਜਿਸ ਦੀ ਪਛੜੇ ਵਰਗਾਂ ਵਿਚ ਬਹੁਤ ਅਹਿਮੀਅਤ ਹੈ ਪਰ ਇਸ ਦੇ ਬਾਵਜੂਦ ਜਾਤ ਆਧਾਰਿਤ ਮਰਦਮਸ਼ੁਮਾਰੀ ਦਾ ਮੁੱਦਾ ਹਿੰਦੀ ਖੇਤਰ ਦੇ ਸੂਬਿਆਂ ਰਾਜਸਥਾਨ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਚ ਪਿਛਲੇ ਦਸੰਬਰ ਵਿਚ ਹੋਈਆਂ ਵਿਧਾਨ ਸਭਾਈ ਚੋਣਾਂ ਵਿਚ ਨਹੀਂ ਚੱਲਿਆ। ਭਾਜਪਾ ਇਸ ਖੇਡ ਵਿਚ ਕਾਂਗਰਸ ਅਤੇ ਸਮਾਜਵਾਦੀਆਂ ਨੂੰ ਬਹੁਤ ਪਹਿਲਾਂ ਮਾਤ ਦੇ ਚੁੱਕੀ ਹੈ।

ਹੁਣ ‘ਇੰਡੀਆ’ ਲਈ ਬਾਕੀ ਕੀ ਬਚਿਆ ਹੈ ? ਹੁਣ ਖੇਤਰੀ ਪਾਰਟੀਆਂ ਕਾਂਗਰਸ ਨਾਲ ਜੁੜਨ ਲਈ ਆਪਣੀਆਂ ਸ਼ਰਤਾਂ ਰੱਖ ਰਹੀਆਂ ਹਨ; ਕਿਸੇ ਸਮੇਂ ਕਾਂਗਰਸ ਨੂੰ ਉਮੀਦ ਸੀ ਕਿ ਉਹ ਗੱਠਜੋੜ ਦੀ ਅਗਵਾਈ ਕਰ ਸਕੇਗੀ। ਤ੍ਰਿਣਮੂਲ ਕਾਂਗਰਸ ਪਹਿਲਾਂ ਹੀ ਆਖ ਚੁੱਕੀ ਹੈ ਕਿ ਉਹ ਪੱਛਮੀ ਬੰਗਾਲ ਵਿਚ ਕਾਂਗਰਸ ਤੇ ਖੱਬੇ ਮੋਰਚੇ ਤੋਂ ਬਿਨਾਂ ਇਕੱਲਿਆਂ ਚੋਣਾਂ ਲੜੇਗੀ। ਤਾਮਿਲਨਾਡੂ ਵਿਚ ਮੁੱਖ ਮੰਤਰੀ ਤੇ ਡੀਐੱਮਕੇ ਮੁਖੀ ਐੱਮਕੇ ਸਟਾਲਿਨ ਕਿਸੇ ਦੀ ਪ੍ਰਵਾਹ ਨਹੀਂ ਕਰਦੇ। ‘ਇੰਡੀਆ’ ਵਿਚਲੇ ਉਹ ਇਕੋ-ਇਕ ਅਜਿਹੇ ਆਗੂ ਹਨ ਜਿਨ੍ਹਾਂ ਧਰਮ ਨਾਲ ਸਬੰਧਿਤ ਮੁੱਦਿਆਂ ਉੱਤੇ ਭਾਜਪਾ ਨੂੰ ਵੰਗਾਰਿਆ ਹੈ, ਉਹ ਜਾਣਦੇ ਹਨ ਕਿ ਇਸ ਨਾਲ ਉਨ੍ਹਾਂ ਦੇ ਲੋਕ ਅਤੇ ਵੋਟ ਆਧਾਰ ਉੱਤੇ ਕੋਈ ਅਸਰ ਨਹੀਂ ਪਵੇਗਾ।

ਮਹਾਰਾਸ਼ਟਰ ਵਿਚ ਸ਼ਰਦ ਪਵਾਰ (ਨੈਸ਼ਨਲਿਸਟ ਕਾਂਗਰਸ ਪਾਰਟੀ) ਅਤੇ ਊਧਵ ਠਾਕਰੇ (ਸ਼ਿਵ ਸੈਨਾ-ਯੂਬੀਟੀ) ਇਕੋ ਸਥਿਤੀ ਵਿਚ ਦਿਖਾਈ ਦਿੰਦੇ ਹਨ; ਉਨ੍ਹਾਂ ਦੀ ਭਾਈਵਾਲ ਕਾਂਗਰਸ ਇਕਮੁੱਠਤਾ ਨਾਲ ਕੰਮ ਕਰਨ ਲਈ ਜੂਝ ਰਹੀ ਹੈ। ਉੱਤਰ ਪ੍ਰਦੇਸ਼ ਵਿਚ ਪਹਿਲਾਂ ਹੀ ਹਾਲਾਤ ਅਸਥਿਰ ਹਨ ਅਤੇ ਇਸ ਨੂੰ ਸਮਾਜਵਾਦੀ ਪਾਰਟੀ ਨੇ ਹੋਰ ਉਲਝਾ ਦਿੱਤਾ ਜਦੋਂ ਉਸ ਨੇ ਸੂਬੇ ਦੀਆਂ 80 ਲੋਕ ਸਭਾ ਸੀਟਾਂ ਵਿਚੋਂ ਕਾਂਗਰਸ ਨੂੰ ਮਹਿਜ਼ ਦਰਜਨ ਸੀਟਾਂ ਦੇਣ ਤੋਂ ਵੀ ਨਾਂਹ ਕਰ ਦਿੱਤੀ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦਾ ਵੀ ਪੰਜਾਬ, ਹਰਿਆਣਾ ਤੇ ਦਿੱਲੀ ਵਿਚ ਕਾਂਗਰਸ ਨਾਲ ਇੱਟ-ਖੜਿੱਕਾ ਚੱਲ ਰਿਹਾ ਹੈ। ਉੱਤਰੀ ਭਾਰਤ ਵਿਚ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਹੀ ਅਜਿਹੇ ਸੂਬੇ ਹਨ ਜਿਥੇ ਕਾਂਗਰਸ ਕੁਝ ਵਧੀਆ ਕਾਰਗੁਜ਼ਾਰੀ ਦਿਖਾਉਣ ਦੀ ਤਵੱਕੋ ਕਰ ਸਕਦੀ ਹੈ ਬਸ਼ਰਤੇ ਇਸ ਨੂੰ ਲੋੜੀਂਦੀ ਥਾਂ ਮਿਲ ਜਾਵੇ।

ਖੇਤਰੀ ਪਾਰਟੀਆਂ ਦੀ ਆਪਣੀ ਉਲਝਣ ਹੈ। ਇਹ ਕਦੇ ਵੀ ਪੂਰੀ ਤਰ੍ਹਾਂ ਵਿਚਾਰਧਾਰਾ ਤੋਂ ਪ੍ਰੇਰਿਤ ਨਹੀਂ ਹੁੰਦੀਆਂ ਅਤੇ ਉਨ੍ਹਾਂ ਨੂੰ ਆਪਣੇ ਪ੍ਰਭਾਵ ਵਾਲੇ ਸੀਮਤ ਖੇਤਰ ਵਿਚ ਖ਼ੁਦ ਨੂੰ ਸਾਬਤ ਕਰਨਾ ਹੁੰਦਾ ਹੈ: ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ, ਦਿੱਲੀ ਤੇ ਪੰਜਾਬ ਵਿਚ ਅਰਵਿੰਦ ਕੇਜਰੀਵਾਲ, ਯੂਪੀ ਵਿਚ ਅਖਿਲੇਸ਼ ਯਾਦਵ ਤੇ ਜੈਅੰਤ ਚੌਧਰੀ, ਬਿਹਾਰ ਵਿਚ ਲਾਲੂ ਪ੍ਰਸਾਦ ਯਾਦਵ ਤੇ ਤੇਜੱਸਵੀ ਯਾਦਵ ਅਤੇ ਹੋਰ ਬਹੁਤ ਸਾਰੀਆਂ ਪਾਰਟੀਆਂ ਦੀ ਇਹੋ ਸਥਿਤੀ ਹੈ। ਪੰਜਾਬ ਤੇ ਹਰਿਆਣਾ ਨੂੰ ਛੱਡ ਕੇ ਬਾਕੀ ਸੂਬੇ ਅਜਿਹੇ ਹਨ ਜਿਥੋਂ ਕਾਂਗਰਸ ਬੜਾ ਚਿਰ ਪਹਿਲਾਂ ਹੀ ਮੁਕਾਬਲੇ ਤੋਂ ਬਾਹਰ ਹੋ ਚੁੱਕੀ ਹੈ। ਇਸ ਦੇ ਬਾਵਜੂਦ ਪਾਰਟੀ ਮਹਿਜ਼ ਇਸ ਆਧਾਰ ਉੱਤੇ ਆਪਣੀ ਜ਼ਮੀਨੀ ਸਮਰੱਥਾ ਤੋਂ ਕਿਤੇ ਜ਼ਿਆਦਾ ਲਾਲਸਾਵਾਂ ਰੱਖਦੀ ਹੈ ਕਿ ਅਜੇ ਵੀ ਤਾਕਤਵਰ ਭਾਜਪਾ ਦੇ ਮੁਕਾਬਲੇ ਸਿਰਫ਼ ਉਹੋ ਪੂਰੇ ਦੇਸ਼ ਵਿਚ ਤਾਕਤ ਵਜੋਂ ਕਾਇਮ ਹੈ।

ਰਾਹੁਲ ਗਾਂਧੀ ਦੀ ਆਪਣੀ ਭਾਰਤ ਜੋੜੋ ਯਾਤਰਾ ਦਾ ਦੂਜਾ ਸੰਸਕਰਨ ਸ਼ੁਰੂ ਕਰਨ ਦੀ ਮਜਬੂਰੀ ਤੋਂ ਹੋਰ ਕੀ ਸਮਝਿਆ ਜਾ ਸਕਦਾ ਹੈ ? ਇਸ ਰਾਹੀਂ ਇਕ ਪਾਸੇ ਉਹ ਆਪਣੀ ਲੀਡਰਸ਼ਿਪ ਨੂੰ ਵਾਜਿਬ ਠਹਿਰਾਉਣਾ ਚਾਹੁੰਦੇ ਹਨ ਅਤੇ ਨਾਲ ਹੀ ਵਿਧਾਨ ਸਭਾ ਚੋਣਾਂ ਵਿਚ ਹੋਈ ਹਾਰ ਕਾਰਨ ਨਿਢਾਲ ਪਾਰਟੀ ਨੂੰ ਲੋੜੀਂਦੀ ਤਾਕਤ ਦੇਣਾ ਚਾਹੁੰਦੇ ਹਨ। ਜਾਪਦਾ ਹੈ, ਗਾਂਧੀ ਪਰਿਵਾਰ ਨੇ ਜੇਡੀਯੂ ਤੱਕ ਪਹੁੰਚ ਨਾ ਕਰ ਕੇ ਜਾਂ ਕਾਂਗਰਸ ਵੱਲੋਂ ਨਿਤੀਸ਼ ਕੁਮਾਰ ਨੂੰ ਅਣਡਿੱਠ ਕੀਤੇ ਜਾਣ ਦੇ ਮੱਦੇਨਜ਼ਰ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਲਈ ਕੋਈ ਕਦਮ ਨਾ ਉਠਾ ਕੇ, ‘ਇੰਡੀਆ’ ਦੀ ਸਥਾਪਨਾ ਤੋਂ ਬਾਅਦ ਕੀਤੀ ਥੋੜ੍ਹੀ-ਬਹੁਤ ਪੇਸ਼ਕਦਮੀ ਨੂੰ ਵੀ ਇਕ ਤਰ੍ਹਾਂ ਖ਼ੁਦ ਹੀ ਜਾਣ ਬੁੱਝ ਕੇ ਖੂਹ-ਖਾਤੇ ਪਾ ਦਿੱਤਾ। ਦੱਸਿਆ ਜਾਂਦਾ ਹੈ ਕਿ ਗਾਂਧੀ ਪਰਿਵਾਰ ਸਿਰਫ਼ ਲਾਲੂ ਪ੍ਰਸਾਦ ਯਾਦਵ ਦੀ ਹੀ ਸੁਣ ਰਿਹਾ ਸੀ ਜਿਸ ਨੂੰ ਨਿਤੀਸ਼ ਕੁਮਾਰ ਨੇ ‘ਇੰਡੀਆ’ ਦੇ ਸਹਿ-ਬਾਨੀ ਅਤੇ ਕੁਲੀਸ਼ਨ ਦੇ ਸਹਿ-ਨਿਰਮਾਤਾ ਹੋਣ ਦੇ ਆਪਣੇ ਰੁਤਬੇ ਵਜੋਂ ਖ਼ੁਦ ਲਈ ਅਪਮਾਨਜਨਕ ਮਹਿਸੂਸ ਕੀਤਾ।

ਇੰਝ ਜਾਪਦਾ ਹੈ, ਭਾਜਪਾ ਦੀ ਉੱਤਰੀ ਭਾਰਤ ਵਿਚ ਹੂੰਝਾ-ਫੇਰੂ ਜਿੱਤ ਤੋਂ ਬਾਅਦ ਇਸ ਦੇ ਹੱਕ ਵਿਚ ਹੋ ਰਹੀ ਇਕ ਹੋਰ ਵਿਸ਼ਾਲ ਲਾਮਬੰਦੀ, ਅਯੁੱਧਿਆ ਵਿਚ ਰਾਮ ਮੰਦਰ ਸਬੰਧੀ ਵੱਡੇ ਪੱਧਰ ’ਤੇ ਕੀਤੀ ਨੁਮਾਇਸ਼, ਪਾਰਟੀ ਦੇ ਹੱਕ ਵਿਚ ਸੰਭਵ ਹਿੰਦੂ ਧਰੁਵੀਕਰਨ, ਸਭ ਤੋਂ ਜ਼ਿਆਦਾ ਅਹਿਮ ਇਸ ਮੁੱਖ ਖੇਤਰ ਵਿਚ ਪਛੜੇ ਵਰਗਾਂ ਦੇ ਸ਼ਕਤੀਕਰਨ ਲਈ ਮੋਹਰੀ ਭੂਮਿਕਾ ਨਿਭਾਉਣ ਵਾਲੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦਾ ਐਵਾਰਡ ਦਿੱਤਾ ਜਾਣ ਆਦਿ ਘਟਨਾ ਚੱਕਰਾਂ ਤੋਂ ਰਾਹੁਲ ਗਾਂਧੀ ਉੱਕਾ ਹੀ ਅਣਜਾਣ ਸਨ। ਕਰਪੂਰੀ ਠਾਕੁਰ ਦੇ ਇਸ ਸਨਮਾਨ ਨੂੰ ਹੀ ਨਿਤੀਸ਼ ਕੁਮਾਰ ਦੀ ਐਨਡੀਏ ਵਿਚ ‘ਘਰ ਵਾਪਸੀ’ ਦੀ ਮੁੱਖ ਵਜ੍ਹਾ ਕਰਾਰ ਦਿੱਤਾ ਗਿਆ।

‘ਇੰਡੀਆ’ ਦੇ ਚੇਅਰਪਰਸਨ ਵਜੋਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਔਖੀ ਘੜੀ ਵਿਚ ਗੱਠਜੋੜ ਦੇ ਭਾਈਵਾਲਾਂ ਤੱਕ ਪਹੁੰਚ ਕੀਤੀ ਹੈ। ਸਮੱਸਿਆ ਇਹ ਹੈ ਕਿ ਉਨ੍ਹਾਂ ਨੂੰ ਗਾਂਧੀ ਪਰਿਵਾਰ ਦੇ ਪੈਰੋਕਾਰ ਵਜੋਂ ਹੀ ਦੇਖਿਆ ਜਾਂਦਾ ਹੈ, ਉਹ ਇਸੇ ਗੱਲ ਲਈ ਸਾਲਸ ਬਣੇ ਹੋਏ ਹਨ ਕਿ ਕਾਂਗਰਸ ਵਿਰੋਧੀ ਧਿਰ ਨੂੰ ਕਿਵੇਂ ਆਕਾਰ ਦਿੰਦੀ ਹੈ, ਨਾਲ ਹੀ ਖੇਤਰੀ ਭਾਈਵਾਲਾਂ ਨਾਲ ਆਪਣੀਆਂ ਗਿਣਤੀਆਂ-ਮਿਣਤੀਆਂ ਕਿਵੇਂ ਬਿਠਾਉਂਦੀ ਹੈ। ਮਮਤਾ ਬੈਨਰਜੀ, ਅਰਵਿੰਦ ਕੇਜਰੀਵਾਲ ਤੇ ਹੋਰ ਆਗੂਆਂ ਨੂੰ ਇੰਡੀਆ ਦੇ ਲੀਡਰ ਵਜੋਂ ਰਾਹੁਲ ਗਾਂਧੀ ਮਨਜ਼ੂਰ ਨਹੀਂ। ਸਹੀ ਹੋਵੇ ਭਾਵੇਂ ਗ਼ਲਤ ਪਰ ਉਹ ਆਪਣੇ ਆਪ ਨੂੰ ਕਾਂਗਰਸ ਦੇ ਬਰਾਬਰ ਮੰਨਦੇ ਹਨ। ਇਸ ਲਈ ਜਦੋਂ ਤੱਕ ਸੰਤੁਲਿਤ ਸਮੀਕਰਨਾਂ ਦੀ ਨੀਂਹ ਨਹੀਂ ਰੱਖ ਲਈ ਜਾਂਦੀ, ਉਦੋਂ ਤੱਕ ਇਸ ਤਜਰਬੇ ਦਾ ਨਾਕਾਮ ਹੋਣਾ ਤੈਅ ਹੈ।

# ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਡਿਵੀਜ਼ਨ ਅਤੇ ਐਨ.ਜੀ.ਓ. ਪ੍ਰਜਵਲਾ ਵੱਲੋਂ ਸਾਂਝੇ ਤੌਰ ’ਤੇ ਸਾਈਬਰ ਇਨੇਬਲਡ ਮਨੁੱਖੀ ਤਸਕਰੀ ’ਤੇ ਵਰਕਸ਼ਾਪ ਦਾ ਆਯੋਜਨ

**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਸਾਈਬਰ ਅਪਰਾਧ (ਕ੍ਰਾਈਮ) ਨਾਲ ਨਜਿੱਠਣ ਵਾਲੇ ਪੁਲੀਸ ਅਧਿਕਾਰੀਆਂ ਦੀ ਤਫ਼ਤੀਸ਼ ਸਮਰੱਥਾ ਨੂੰ ਵਧਾਉਣ ਦੇ ਮੱਦੇਨਜ਼ਰ ਪੰਜਾਬ ਪੁਲੀਸ ਦੇ ਸਾਈਬਰ ਕ੍ਰਾਈਮ ਡਵੀਜ਼ਨ ਨੇ ਐਨ.ਜੀ.ਓ. ਪ੍ਰਜਵਲਾ ਦੇ ਸਹਿਯੋਗ ਨਾਲ ਪੰਜਾਬ ਰਾਜ ਸਾਈਬਰ ਕ੍ਰਾਈਮ ਡਵੀਜ਼ਨ ਦੇ ਮੁਹਾਲੀ ਸਥਿਤ ਦਫ਼ਤਰ ਵਿਖੇ ਸਾਈਬਰ ਇਨੇਬਲਡ ਹਿਊਮਨ ਟਰੈਫਿਕਿੰਗ (ਮਨੁੱਖੀ ਤਸਕਰੀ) ’ਤੇ ਇੱਕ ਰੋਜ਼ਾ ਆਫਲਾਈਨ/ਆਨਲਾਈਨ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਹ ਵਰਕਸ਼ਾਪ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ’ਤੇ ਕਰਵਾਈ ਗਈ।

ਐਨ.ਜੀ.ਓ. ਪ੍ਰਜਵਲਾ , ਜਿਨਸੀ ਤਸਕਰੀ ਅਤੇ ਜਿਨਸੀ ਅਪਰਾਧਾਂ ਦੇ ਮੁੱਦੇ ’ਤੇ ਕੰਮ ਕਰਨ ਵਾਲੀ ਇੱਕ ਮੋਹਰੀ ਐਂਟੀ-ਟਰੈਫਿਕਿੰਗ ਸੰਸਥਾ ਹੈ, ਜਿਸਨੇ ਪਿਛਲੇ 27 ਸਾਲਾਂ ਵਿੱਚ 27,500 ਤੋਂ ਵੱਧ ਔਰਤਾਂ ਅਤੇ ਲੜਕੀਆਂ ਨੂੰ ਜਿਨਸੀ ਗੁਲਾਮੀ ਤੋਂ ਬਚਾਉਣ ਵਿੱਚ ਪੁਲਿਸ ਦੀ ਸਹਾਇਤਾ ਕੀਤੀ ਹੈ ਅਤੇ ਇਸ ਗ਼ੈਰ-ਮਨੁੱਖੀ ਮਕੜਜਾਲ ਚੋਂ ਅਜਿਹੀਆਂ ਪੀੜਤ ਲੜਕੀਆਂ ਦੀ ਰਿਹਾਈ ਨੂੰ ਯਕੀਨੀ ਬਣਾਇਆ ਹੈ।

ਸਾਈਬਰ-ਇਨੇਬਲਡ ਮਨੁੱਖੀ ਤਸਕਰੀ ਵਿਸ਼ੇ ’ਤੇ ਤਿੰਨ ਘੰਟੇ ਚੱਲੇ ਇਸ ਸੈਸ਼ਨ ਵਿੱਚ ਪੰਜਾਬ ਦੇ ਸਾਈਬਰ ਕ੍ਰਾਈਮ ਯੂਨਿਟਾਂ ਵਿੱਚ ਕੰਮ ਕਰਦੇ 50 ਅਧਿਕਾਰੀਆਂ ਨੇ ਨਿੱਜੀ ਤੌਰ ’ਤੇ ਭਾਗ ਲਿਆ, ਜਦਕਿ ਪੰਜਾਬ ਪੁਲਿਸ ਦੇ 100 ਤੋਂ ਵੱਧ ਅਧਿਕਾਰੀ ਵੀਡੀਓ ਕਾਨਫਰੰਸ ਰਾਹੀਂ ਇਸ ਵਰਕਸ਼ਾਪ ਵਿੱਚ ਸ਼ਾਮਲ ਹੋਏ।

ਸੈਸ਼ਨ ਦੀ ਸ਼ੁਰੂਆਤ ਭਾਰਤ ਵਿੱਚ ਮਨੁੱਖੀ ਤਸਕਰੀ ਦੇ ਮੁੱਦੇ ਅਤੇ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 370 ’ਤੇ ਚਰਚਾ ਨਾਲ ਹੋਈ, ਇਸ ਤੋਂ ਬਾਅਦ ਇੱਕ ਪੇਸ਼ਕਾਰੀ ਦਿੱਤੀ ਗਈ ਕਿ ਕਿਵੇਂ ਤਸਕਰਾਂ ਦੁਆਰਾ ਪੀੜਤਾਂ ਦੀ ਭਰਤੀ ਦੌਰਾਨ ਵੱਖ-ਵੱਖ ਢੰਗਾਂ ਨਾਲ ਸ਼ੋਸ਼ਣ ਕੀਤਾ ਜਾਂਦਾ ਹੈ।



ਵਰਕਸ਼ਾਪ ਦੌਰਾਨ ਪ੍ਰਤੀਭਾਗੀਆਂ ਨੂੰ, ਸਾਈਬਰ ਕ੍ਰਾਈਮ ਅਤੇ ਸਾਈਬਰ ਇਨੇਬਲਡ ਮਨੁੱਖੀ ਤਸਕਰੀ ਨਾਲ ਨਜਿੱਠਣ ਲਈ ਲਾਅ ਇਨਫੋਰਸਮੈਂਟ ਏਜੰਸੀਆਂ ਦੁਆਰਾ ਵਰਤੇ ਜਾਂਦੇ ਪਲੇਟਫਾਰਮਾਂ ਅਤੇ ਐਪਲੀਕੇਸ਼ਨਾਂ ਦਾ ਪ੍ਰਦਰਸ਼ਨ ਕਰਕੇ ਜਾਗਰੂਕ ਕੀਤਾ ਗਿਆ। ਵਰਕਸ਼ਾਪ ਦੌਰਾਨ ਤਕਨਾਲੋਜੀ ਨਾਲ ਸੁਲਝਾਏ ਤਸਕਰੀ ਪੀੜਤਾਂ ਦੇ ਕੇਸਾਂ ਅਤੇ ਸਾਈਬਰ ਇਲੇਬਲਡ ਮਨੁੱਖੀ ਤਸਕਰੀ ਨਾਲ ਸਬੰਧਤ ਕੁਝ ਅੰਤਰਰਾਸ਼ਟਰੀ ਕੇਸ ਸਟੱਡੀਜ਼ ਵੀ ਪੇਸ਼ ਕੀਤੀਆਂ ਗਈਆਂ । ਪੇਸ਼ਕਾਰੀਆਂ ਤੋਂ ਬਾਅਦ ਸਟੇਟ ਸਾਈਬਰ ਕ੍ਰਾਈਮ ਡਿਵੀਜ਼ਨ ਦੇ ਪ੍ਰਤੀਭਾਗੀਆਂ, ਜੋ ਪਹਿਲਾਂ ਹੀ ਇਹਨਾਂ ਅਪਰਾਧਾਂ ’ਤੇ ਕੰਮ ਕਰ ਰਹੇ ਹਨ, ਨਾਲ ‘ਕੇਂਦਰਿਤ ਵਿਚਾਰ ਚਰਚਾ ’ ਕੀਤੀ ਗਈ।

ਵਰਕਸ਼ਾਪ ਵਿੱਚ ਆਨਲਾਈਨ ਢੰਗ ਨਾਲ ਸ਼ਾਮਲ ਹੋਏ ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ (ਏਡੀਜੀਪੀ) ਸਾਈਬਰ ਕ੍ਰਾਈਮ ਵੀ. ਨੀਰਜਾ ਨੇ ਕਿਹਾ ਕਿ ਸਟੇਟ ਸਾਈਬਰ ਕ੍ਰਾਈਮ ਡਵੀਜ਼ਨ ਵਿੱਚ ਕੰਮ ਕਰ ਰਹੀ ਸੰਸਥਾ ਸਾਈਬਰ ਕਰਾਈਮ ਪ੍ਰੀਵੈਂਸ਼ਨ ਅਗੇਂਸਟ ਵੂਮੈਨ ਐਂਡ ਚਿਰਡਰਨ (ਸੀ.ਸੀ.ਪੀ. ਡਬਲਯੂ.ਸੀ.) ਲਈ ਔਰਤਾਂ ਅਤੇ ਬੱਚਿਆਂ ਵਿਰੁੱਧ ਸਾਈਬਰ ਅਪਰਾਧਾਂ ਸਬੰਧੀ ਮਾਮਲਿਆਂ ਨਾਲ ਨਜਿੱਠਣਾ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਰਾਜ ਸਾਈਬਰ ਕ੍ਰਾਈਮ ਡਿਵੀਜ਼ਨ ਵੱਲੋਂ ਸਾਈਬਰ ਅਪਰਾਧਾਂ, ਖਾਸ ਕਰਕੇ ਔਰਤਾਂ ਅਤੇ ਬੱਚਿਆਂ ਵਿਰੁੱਧ ਅਪਰਾਧਾਂ, ਦੀ ਨਿਗਰਾਨੀ ਲਈ ਸਾਈਬਰ ਪੈਟਰੋਲਿੰਗ ਯੂਨਿਟ ਸਥਾਪਤ ਕਰਕੇ ਆਪਣੀ ਸਮਰੱਥਾ ਵਿੱਚ ਵੀ ਵਾਧਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਿਆਂ ਵਿੱਚ ਕਾਰਜਸ਼ੀਲ ਸਾਈਬਰ ਕ੍ਰਾਈਮ ਅਤੇ ਤਕਨੀਕੀ ਜਾਂਚ ਯੂਨਿਟ ਪਹਿਲਾਂ ਹੀ ਸਾਈਬਰ ਟਿਪਲਾਈਨਾਂ ਸਮੇਤ ਸਾਈਬਰ ਅਪਰਾਧਾਂ ਨੂੰ ਠੱਲ੍ਹਣ ਲਈ ਯਤਨਸ਼ੀਲ ਹਨ। ਏਡੀਜੀਪੀ ਨੇ ਕਿਹਾ ਕਿ ਅਜਿਹੇ ਅਪਰਾਧਾਂ ਦੀ ਸੂਚਨਾ ਨੈਸ਼ਨਲ ਸਾਈਬਰ ਕ੍ਰਾਈਮ (ਐਨਸੀਆਰਪੀ) ਦੇ ਪੋਰਟਲ www.cybercrime. gov.in.’ਤੇ ਗੁਪਤ ਤੌਰ ’ਤੇ ਦਿੱਤੀ ਜਾ ਸਕਦੀ ਹੈ। ਵਰਕਸ਼ਾਪ ਦੌਰਾਨ ਕੇਸ ਸਟੱਡੀਜ਼ ਅਤੇ ਦੂਜੇ ਦੇਸ਼ਾਂ ਵਿੱਚ ਪ੍ਰਚਲਿਤ ਕਾਨੂੰਨੀ ਪ੍ਰਥਾਵਾਂ ’ਤੇ ਵੀ ਚਰਚਾ ਕੀਤੀ ਗਈ ਅਤੇ ਸਾਈਬਰ ਸਪੇਸ ਵਿੱਚ ਮਨੁੱਖੀ ਤਸਕਰੀ ਨੂੰ ਟਰੈਕ ਕਰਨ ਲਈ ਕੇਸ ਸਟੱਡੀਜ਼ ਦੇ ਤਰੀਕੇ ਸੁਝਾਏ ਗਏ।

# ਮੁੱਖ ਮੰਤਰੀ ਵੱਲੋਂ ਪੰਜਾਬ ਵਿੱਚ ਆਪਣੀ ਤਰ੍ਹਾਂ ਦੀ ਪਹਿਲੀ ਸਕੀਮ ‘ਆਪ ਦੀ ਸਰਕਾਰ, ਆਪ ਦੇ ਦੁਆਰ’ ਦਾ ਆਗਾਜ਼

**➢ ਲੋਕਾਂ ਨੂੰ ਉਨ੍ਹਾਂ ਦੇ ਬੂਹੇ ’ਤੇ ਜਾ ਕੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਚੁੱਕਿਆ ਕਦਮ ➢ ਫਰਵਰੀ ਮਹੀਨੇ ’ਚ ਪੰਜਾਬ ਭਰ ਵਿੱਚ 11600 ਕੈਂਪ ਲਾਏ ਜਾਣਗੇ, ਹਰੇਕ ਤਹਿਸੀਲ ਵਿੱਚ ਰੋਜ਼ਾਨਾ ਲੱਗਣਗੇ ਚਾਰ ਕੈਂਪ**

**ਭਾਂਖਰਪੁਰ (ਐਸ.ਏ.ਐਸ. ਨਗਰ), 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਾਸੀਆਂ ਨੂੰ ਉਨ੍ਹਾਂ ਦੇ ਬੂਹੇ ਉਤੇ ਜਾ ਕੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਇਕ ਹੋਰ ਨਾਗਰਿਕ ਕੇਂਦਰਿਤ ਉਪਰਾਲਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਵਿੱਚ ‘ਆਪ ਦੀ ਸਰਕਾਰ, ਆਪ ਦੇ ਦੁਆਰ’ ਸਕੀਮ ਦਾ ਆਗਾਜ਼ ਕੀਤਾ। ਇਸ ਸਕੀਮ ਤਹਿਤ ਲੋਕਾਂ ਨੂੰ ਸੇਵਾਵਾਂ ਦੇਣ ਲਈ ਪਿੰਡ ਤੇ ਮੁਹੱਲਾ ਪੱਧਰ ਉਤੇ ਕੈਂਪ ਲਾਏ ਜਾਣਗੇ।

ਇੱਥੇ ਕੈਂਪ ਦੀ ਸ਼ੁਰੂਆਤ ਕਰਨ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਅੱਜ ਦੇ ਦਿਨ ਨੂੰ ਸੂਬੇ ਦੇ ਇਤਿਹਾਸ ਲਈ ਯਾਦਗਾਰੀ ਦਿਨ ਦੱਸਿਆ ਕਿਉਂਕਿ ਹੁਣ ਲੋਕਾਂ ਨੂੰ ਆਪਣੇ ਆਮ ਪ੍ਰਸ਼ਾਸਕੀ ਕਾਰਜਾਂ ਲਈ ਸਰਕਾਰੀ ਦਫ਼ਤਰਾਂ ਵਿੱਚ ਜਾਣਾ ਪਵੇਗਾ, ਸਗੋਂ ਸਰਕਾਰੀ ਅਧਿਕਾਰੀ ਖ਼ੁਦ ਲੋਕਾਂ ਕੋਲ ਜਾ ਕੇ ਸੇਵਾਵਾਂ ਮੁਹੱਈਆ ਕਰਵਾਉਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਕੀਮ ਅਸਲ ਅਰਥਾਂ ਵਿੱਚ ਲੋਕਾਂ ਦੇ ਸਸ਼ਕਤੀਕਰਨ ਦਾ ਉਦੇਸ਼ ਪੂਰਾ ਕਰਦੀ ਹੈ, ਜਿੱਥੇ ਸਰਕਾਰ ਲੋਕਾਂ ਦੀ ਭਲਾਈ ਲਈ ਫਰਾਖ਼ਦਿਲੀ ਨਾਲ ਹੋਰ ਵੀ ਤਨਦੇਹੀ ਨਾਲ ਕੰਮ ਕਰੇਗੀ।

ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਇਸ ਨਾਗਰਿਕ ਕੇਂਦਰ ਉਪਰਾਲੇ ਦੀ ਸ਼ੁਰੂਆਤ ਕਰ ਕੇ ਪੰਜਾਬ ਨੇ ਇਕ ਵਾਰ ਫੇਰ ਦੇਸ਼ ਭਰ ਵਿੱਚ ਬਾਜ਼ੀ ਮਾਰ ਲਈ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੱਖ-ਵੱਖ ਸੂਬੇ ਵੀ ਇਸ ਸਕੀਮ ਨੂੰ ਲਾਗੂ ਕਰਨਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਦਸੰਬਰ, 2023 ਵਿੱਚ ਲੋਕਾਂ ਨੂੰ 43 ਮਹੱਤਵਪੂਰਨ ਸੇਵਾਵਾਂ ਦੀ ਸ਼ੁਰੂਆਤ ਕਰਕੇ ਪ੍ਰਮੁੱਖ ਸਰਕਾਰੀ ਸੇਵਾਵਾਂ ਲੋਕਾਂ ਨੂੰ ਉਨ੍ਹਾਂ ਦੇ ਦਰ ਉਤੇ ਜਾ ਕੇ ਮੁਹੱਈਆ ਕਰਵਾਉਣ ਦੀ ਸਕੀਮ ਦਾ ਆਗਾਜ਼ ਕੀਤਾ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸਕੀਮ ਤਹਿਤ ਕੋਈ ਵੀ ਨਾਗਰਿਕ 1076 ਨੰਬਰ ਉਤੇ ਕਾਲ ਕਰਕੇ ਆਪਣੀ ਸਹੂਲਤ ਮੁਤਾਬਕ ਸਮਾਂ ਤੈਅ ਕਰ ਸਕਦਾ ਹੈ ਜਿਸ ਤੋਂ ਬਾਅਦ ਮੁਲਾਜ਼ਮ ਉਸ ਨਾਗਰਿਕ ਦੇ ਘਰ ਜਾ ਕੇ ਸਬੰਧਤ ਸੇਵਾ ਦਾ ਪ੍ਰਮਾਣ ਪੱਤਰ ਮੁਹੱਈਆ ਕਰਵਾਏਗਾ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸੂਬਾ ਸਰਕਾਰ ਨੇ ਇਸ ਤੋਂ ਵੀ ਵੱਡੀ ਪੁਲਾਂਘ ਪੁੱਟਦਿਆਂ ‘ਆਪ ਦੀ ਸਰਕਾਰ, ਆਪ ਦੇ ਦੁਆਰ’ ਸਕੀਮ ਦੀ ਸ਼ੁਰੂਆਤ ਕਰ ਦਿੱਤੀ ਹੈ ਤਾਂ ਕਿ ਪਿੰਡਾਂ-ਸ਼ਹਿਰਾਂ ਵਿੱਚ ਕੈਂਪ ਲਾ ਕੇ ਲੋਕਾਂ ਕੋਲ ਸਿੱਧੀ ਪਹੁੰਚ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਮਹੀਨੇ ਪੇਂਡੂ ਤੇ ਸ਼ਹਿਰੀ ਇਲਾਕਿਆਂ ਵਿੱਚ 11600 ਕੈਂਪ ਲਾਏ ਜਾਣਗੇ। ਉਨ੍ਹਾਂ ਦੱਸਿਆ ਕਿ ਹਰੇਕ ਤਹਿਸੀਲ ਵਿੱਚ ਹਰ ਰੋਜ਼ ਚਾਰ ਕੈਂਪ ਲਗਾਏ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੈਂਪ ਦੇ ਸਥਾਨ, ਤਰੀਕ ਅਤੇ ਸਮੇਂ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਬਣਦੇ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਲੋਕ ਹੁਣ ਅੱਜ ਦੇ ਕੈਂਪਾਂ ਜਾਂ ਆਉਣ ਵਾਲੇ ਕੈਂਪਾਂ ਬਾਰੇ ਪੋਰਟਲ ਰਾਹੀਂ ਵੀ ਜਾਣਕਾਰੀ ਹਾਸਲ ਕਰ ਸਕਦੇ ਹਨ।



ਮੁੱਖ ਮੰਤਰੀ ਨੇ ਕਿਹਾ ਕਿ ਕੈਂਪ ਵਿੱਚ ਐਸ.ਡੀ.ਐਮ., ਤਹਿਸੀਲਦਾਰ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਜ਼ਿਲ੍ਹਾ ਫੂਡ ਸਪਲਾਈ ਅਫਸਰ, ਐਸ.ਐਚ.ਓ., ਜ਼ਿਲ੍ਹਾ ਭਲਾਈ ਅਫਸਰ, ਕਾਨੂੰਨਗੋ, ਪਟਵਾਰੀ, ਐਸ.ਡੀ.ਓ., ਐਕਸੀਅਨ ਵਰਗੇ ਵੱਡੇ ਅਧਿਕਾਰੀ ਅਰਜ਼ੀਆਂ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਹਾਜ਼ਰ ਰਹਿਣਗੇ। ਇਕ ਮਿਸਾਲ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਜੇ ਕੋਈ ਹਲਫੀਆ ਬਿਆਨ ਜਾਂ ਕੋਈ ਹੋਰ ਦਸਤਾਵੇਜ਼ ਵੀ ਤਸਦੀਕ ਕਰਵਾਉਣਾ ਚਾਹੁੰਦਾ ਹੈ ਤਾਂ ਅਫ਼ਸਰ ਕੈਂਪ ਵਿੱਚ ਬੈਠਾ ਹੋਵੇਗਾ ਅਤੇ ਉਹ ਉਸੇ ਵੇਲੇ ਤਸਦੀਕ ਕਰਕੇ ਮੌਕੇ ਉਤੇ ਹੀ ਸਬੰਧਤ ਵਿਅਕਤੀ ਨੂੰ ਸੌਂਪ ਦੇਵੇਗਾ। ਇਸ ਤਰ੍ਹਾਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜੇ ਕਿਸੇ ਨੇ ਕਾਲਜ ਵਿੱਚ ਦਾਖ਼ਲਾ ਲੈਣ ਲਈ ਰਿਹਾਇਸ਼ੀ ਸਰਟੀਫਿਕੇਟ ਬਣਵਾਉਣਾ ਹੈ ਤਾਂ ਉਸ ਨੂੰ ਆਧਾਰ ਕਾਰਡ, ਵੋਟਰ ਕਾਰਡ ਅਤੇ ਹੋਰ ਲੋੜੀਂਦੇ ਅਸਲ ਦਸਤਾਵੇਜ਼ਾਂ ਨੂੰ ਕੈਂਪ ਵਿੱਚ ਅਪਲਾਈ ਕਰਨਾ ਹੋਵੇਗਾ ਅਤੇ ਇਸ ਦੀ ਤਸਦੀਕ ਲਈ ਕੈਂਪ ਵਿੱਚ ਪਟਵਾਰੀ ਮੌਜੂਦ ਹੋਵੇਗਾ ਅਤੇ ਤਹਿਸੀਲਦਾਰ ਜਾਂ ਨਾਇਬ ਤਹਿਸੀਲਦਾਰ ਮੌਕੇ ਉਤੇ ਉਸ ਦੀ ਤਸਦੀਕ ਕਰਕੇ ਸਰਟੀਫਿਕੇਟ ਸੌਂਪ ਦੇਣਗੇ।

ਮੁੱਖ ਮੰਤਰੀ ਨੇ ਕਿਹਾ ਕਿ 44 ਪ੍ਰਮੁੱਖ ਸੇਵਾਵਾਂ ਜਿਨ੍ਹਾਂ ਦੀ ਲੋਕਾਂ ਨੂੰ ਅਕਸਰ ਸਭ ਤੋਂ ਵੱਧ ਲੋੜ ਹੁੰਦੀ ਹੈ ਜਿਵੇਂ ਕਿ ਰਿਹਾਇਸ਼ੀ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਜਨਮ/ਮੌਤ ਸਰਟੀਫਿਕੇਟ, ਫਰਦ, ਲੇਬਰ ਰਜਿਸਟਰੇਸ਼ਨ, ਪੈਨਸ਼ਨ, ਪੇਂਡੂ ਖੇਤਰ ਸਰਟੀਫਿਕੇਟ ਅਤੇ ਹੋਰ ਸੇਵਾਵਾਂ ਕੈਂਪਾਂ ਵਿੱਚ ਅਪਲਾਈ ਕਰਕੇ ਮੁਹੱਈਆ ਕਰਵਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਨਾਗਰਿਕ ਵੀ ਆਪਣੀਆਂ ਸ਼ਿਕਾਇਤਾਂ ਕੈਂਪਾਂ ਵਿੱਚ ਦੇ ਸਕਣਗੇ, ਜਿਨ੍ਹਾਂ ਦਾ ਮੌਕੇ ’ਤੇ ਹੀ ਨਿਪਟਾਰਾ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪਣੀ ਕਿਸਮ ਦਾ ਇਹ ਪਹਿਲਾ ਉਪਰਾਲਾ ਲੋਕਾਂ ਦੀ ਸਹੂਲਤ ਲਈ ਸਹਾਈ ਸਿੱਧ ਹੋਵੇਗਾ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰਾਂ ਨੂੰ ਛੋਟੇ-ਮੋਟੇ ਮਸਲੇ ਮੌਕੇ ਉਤੇ ਹੱਲ ਕਰਨ ਲਈ ਲੋੜੀਂਦੇ ਫੰਡ ਦਿੱਤੇ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਕੈਂਪ ਸਰਕਾਰ ਨੂੰ ਆਪਣੇ ਨਾਗਰਿਕਾਂ ਦੀਆਂ ਲੋੜਾਂ ਪ੍ਰਤੀ ਵਧੇਰੇ ਪਹੁੰਚਯੋਗ ਅਤੇ ਜਵਾਬਦੇਹ ਬਣਾਉਣ ਵਿੱਚ ਮਦਦਗਾਰ ਸਾਬਤ ਹੋਣਗੇ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਸਰਕਾਰੀ ਕਾਰਜਾਂ ਵਿੱਚ ਹੋਰ ਵਧੇਰੇ ਪਾਰਦਰਸ਼ਤਾ ਅਤੇ ਜਵਾਬਦੇਹੀ ਵਧਾਉਣ ਵਿੱਚ ਵੀ ਮਦਦ ਕਰੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਕਦਮ ਨਾਗਰਿਕਾਂ ਨੂੰ ਸਰਕਾਰੀ ਸੇਵਾਵਾਂ ਜਾਂ ਮਸਲਿਆਂ ਬਾਰੇ ਆਪਣੀਆਂ ਚਿੰਤਾਵਾਂ, ਸ਼ਿਕਾਇਤਾਂ ਅਤੇ ਸੁਝਾਅ ਦੇਣ ਲਈ ਢੁਕਵਾਂ ਮੰਚ ਪ੍ਰਦਾਨ ਕਰੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਅਜਿਹੀ ਕਿਸੇ ਵੀ ਲੋਕ-ਪੱਖੀ ਪਹਿਲਕਦਮੀ ਵੱਲ ਧਿਆਨ ਨਹੀਂ ਦਿੱਤਾ, ਜਿਸ ਕਾਰਨ ਲੋਕਾਂ ਨੂੰ ਬਹੁਤ ਜ਼ਿਆਦਾ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਨਾਲ ਲੋਕਾਂ ਨੂੰ ਅਖ਼ਤਿਆਰ ਦੇਣ ਲਈ ਨਵੀਂ ਕ੍ਰਾਂਤੀ ਦੀ ਸ਼ੁਰੂਆਤ ਹੋਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਸਰਕਾਰੀ ਦਫ਼ਤਰਾਂ ਦੇ ਚੱਕਰ ਨਹੀਂ ਕੱਟਣੇ ਪੈਣਗੇ, ਜਦੋਂ ਕਿ ਹੁਣ ਸਰਕਾਰ ਲੋਕਾਂ ਦੇ ਘਰਾਂ ਤੱਕ ਜਾਵੇਗੀ।

ਅਕਾਲੀ ਦਲ ਦੀ ‘ਪੰਜਾਬ ਬਚਾਓ ਯਾਤਰਾ’ ਉਤੇ ਵਿਅੰਗ ਕਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਦਲ ਦੇ ਇਸ ਢਕਵੰਜ ਦਾ ਅਸਲ ਨਾਮ ‘ਪਰਿਵਾਰ ਬਚਾਓ ਯਾਤਰਾ’ ਹੈ। ਉਨ੍ਹਾਂ ਅਕਾਲੀ ਆਗੂਆਂ ਨੂੰ ਚੁਣੌਤੀ ਦਿੱਤੀ ਕਿ ਉਹ ਇਹ ਦੱਸਣ ਕਿ 15 ਸਾਲ ਸੂਬੇ ਨੂੰ ਲੁੱਟਣ ਮਗਰੋਂ ਹੁਣ ਕਿਸ ਤੋਂ ਸੂਬੇ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਸੂਬੇ ਨੂੰ ਬੇਰਹਿਮੀ ਨਾਲ ਲੁੱਟਿਆ ਤੇ ਸੂਬੇ ਵਿੱਚ ਕਈ ਤਰ੍ਹਾਂ ਦੇ ਮਾਫ਼ੀਆ ਦੀ ਪੁਸ਼ਤਪਨਾਹੀ ਕਰ ਕੇ ਪੰਜਾਬੀਆਂ ਦੀ ਮਾਨਸਿਕਤਾ ਉਤੇ ਡੂੰਘੇ ਜ਼ਖ਼ਮ ਦਿੱਤੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕ ਅਕਾਲੀ ਆਗੂਆਂ ਦੇ ਸ਼ੱਕੀ ਕਿਰਦਾਰ ਤੋਂ ਚੰਗੀ ਤਰ੍ਹਾਂ ਵਾਕਫ਼ ਹਨ ਅਤੇ ਬਾਦਲ ਪਰਿਵਾਰ ਦੀਆਂ ਇਹ ਡਰਾਮੇਬਾਜ਼ੀਆਂ ਕੰਮ ਨਹੀਂ ਆਉਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਸੂਬਾ ਸਰਕਾਰ ਨੇ ਪੰਜਾਬ ਵਿੱਚ ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਇਨ੍ਹਾਂ ਕਲੀਨਿਕਾਂ ਵਿੱਚੋਂ ਤਕਰੀਬਨ ਇਕ ਕਰੋੜ ਲੋਕ ਇਲਾਜ ਸਹੂਲਤਾਂ ਹਾਸਲ ਕਰ ਚੁੱਕੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਿਹਤ ਸੰਭਾਲ ਖ਼ੇਤਰ ਵਿੱਚ ਨਵੀਂ ਕ੍ਰਾਂਤੀ ਹੈ ਅਤੇ ਇਸ ਖ਼ੇਤਰ ਦੀ ਕਾਇਆ-ਕਲਪ ਕਰਨ ਲਈ ਕੋਸ਼ਿਸ਼ਾਂ ਚੱਲ ਰਹੀਆਂ ਹਨ।

ਮੁੱਖ ਮੰਤਰੀ ਨੇ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਉਤੇ ਟਿੱਪਣੀ ਕਰਦਿਆਂ ਆਖਿਆ ਕਿ ਉਹ ਨੌਂ ਸਾਲਾਂ ਤੱਕ ਖ਼ਜ਼ਾਨਾ ਖ਼ਾਲੀ ਹੋਣ ਦੀ ਬਿਆਨਬਾਜ਼ੀ ਕਰਦੇ ਰਹੇ, ਜਿਸ ਕਾਰਨ ਸੂਬੇ ਦੇ ਵਿਕਾਸ ਨੂੰ ਵੱਡੀ ਸੱਟ ਵੱਜੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਵਾਗਡੋਰ ਸੰਭਾਲਣ ਦੇ ਬਾਅਦ ਤੋਂ ਇਕ-ਇਕ ਪੈਸਾ ਸੂਬੇ ਦੇ ਵਿਕਾਸ ਤੇ ਇਸ ਦੇ ਲੋਕਾਂ ਦੀ ਭਲਾਈ ਉਤੇ ਖ਼ਰਚਿਆ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਨੇ ਸੂਬੇ ਦੇ ਖ਼ਜ਼ਾਨੇ ਦੀ ਚੋਰੀ ਰੋਕੀ ਤਾਂ ਕਿ ਖ਼ਜ਼ਾਨੇ ਦੇ ਇਕ-ਇਕ ਪੈਸੇ ਦੀ ਵਰਤੋਂ ਲੋਕਾਂ ਦੀ ਭਲਾਈ ਲਈ ਹੋਣੀ ਯਕੀਨੀ ਬਣੇ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਕਿਸੇ ਤੋਂ ਵੀ ਖ਼ਾਸ ਤੌਰ ਉਤੇ ਅੱਜ ਕੇਂਦਰ ਦੀ ਸੱਤਾ ਵਿੱਚ ਕਾਬਜ਼ ਵਿਅਕਤੀਆਂ ਤੋਂ ਦੇਸ਼ ਭਗਤੀ ਦਾ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ।

# ਅੱਤਵਾਦੀ ਲਖਬੀਰ ਲੰਡਾ ਅਤੇ ਹਰਵਿੰਦਰ ਰਿੰਦਾ ਦੇ ਤਿੰਨ ਸਾਥੀ ਅੰਮ੍ਰਿਤਸਰ ਤੋਂ ਕਾਬੂ; ਦੋ ਪਿਸਤੌਲ ਵੀ ਕੀਤੇ ਬਰਾਮਦ

## ਗ੍ਰਿਫਤਾਰ ਕੀਤੇ ਗਏ ਦੋਸ਼ੀ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ ’ਤੇ ਅਪਰਾਧਿਕ ਗਤੀਵਿਧੀਆਂ ਨੂੰ ਦੇ ਰਹੇ ਸਨ ਅੰਜਾਮ: ਡੀਜੀਪੀ ਗੌਰਵ ਯਾਦਵ

**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਸੂਬੇ ’ਚੋਂ ਸੰਗਠਿਤ ਅਪਰਾਧ ਨੂੰ ਠੱਲ੍ਹ ਪਾਉਣ ਦੇ ਮੱਦੇਨਜ਼ਰ ਚਲਾਈ ਜਾ ਰਹੀ ਮੁਹਿੰਮ ਤਹਿਤ ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਨੇ ਅੱਤਵਾਦੀ ਹਰਵਿੰਦਰ ਸਿੰਘ ਉਰਫ ਰਿੰਦਾ ਅਤੇ ਲਖਬੀਰ ਸਿੰਘ ਉਰਫ ਲੰਡਾ ਦੇ ਤਿੰਨ ਸਾਥੀਆਂ ਨੂੰ ਹਰੀਕੇ ਤੋਂ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲੀਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਬੁੱਧਵਾਰ ਨੂੰ ਇੱਥੇ ਦਿੱਤੀ।




ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜੋਬਨਜੀਤ ਸਿੰਘ ਉਰਫ ਜੋਬਨ, ਬਿਕਰਮਜੀਤ ਸਿੰਘ ਉਰਫ ਬਿੱਕਾ ਅਤੇ ਕੁਲਵਿੰਦਰ ਸਿੰਘ ਉਰਫ ਕਾਲਾ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਕਤ ਦੋਸ਼ੀਆਂ ਪਾਸੋਂ ਦੋ .32 ਕੈਲੀਬਰ ਪਿਸਤੌਲਾਂ ਸਮੇਤ 10 ਜਿੰਦਾ ਕਾਰਤੂਸਾਂ ਬਰਾਮਦ ਕੀਤੇ ਹਨ ਅਤੇ ਇੱਕ ਮਾਰੂਤੀ ਸਵਿਫਟ ਕਾਰ (ਜਿਸ ਵਿੱਚ ਉਹ ਸਫ਼ਰ ਕਰ ਰਹੇ ਸਨ), ਵੀ ਜ਼ਬਤ ਕੀਤੀ ਗਈ ਹੈ ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਭਰੋਸੇਮੰਦ ਸੂਤਰਾਂ ਤੋਂ ਮਿਲੀ ਪੁਖ਼ਤਾ ਇਤਲਾਹ ’ਤੇ ਕਾਰਵਾਈ ਕਰਦੇ ਹੋਏ, ਏਜੀਟੀਐਫ ਪੰਜਾਬ ਨੇ ਏਡੀਜੀਪੀ ਪ੍ਰਮੋਦ ਬਾਨ ਦੀ ਅਗਵਾਈ ਏਆਈਜੀ ਸੰਦੀਪ ਗੋਇਲ ਦੀ ਨਿਗਰਾਨੀ ਵਿੱਚ ਅਤੇ ਡੀਐਸਪੀ ਏਜੀਟੀਐਫ ਬਾਰਡਰ ਰੇਂਜ ਹਰਮਿੰਦਰ ਸਿੰਘ ਦੀ ਕਮਾਨ ਹੇਠ ਪੁਲਿਸ ਟੀਮਾਂ ਨੇ ਉਕਤ ਦੋਸ਼ੀਆਂ ਦੇ ਟਿਕਾਣੇ ਦਾ ਪਤਾ ਲਗਾਇਆ, ਅਤੇ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਤਰਨ ਤਾਰਨ ਰੋਡ ‘ਤੇ ਸਥਿਤ ਪਿੰਡ ਸਫੀਪੁਰ ਨੇੜਲੇ ਟੀ-ਪੁਆਇੰਟ ਤੋਂ ਕਾਬੂ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਦੋਵੇਂ ਮੁਲਜ਼ਮਾਂ ਦਾ ਅਪਰਾਧਿਕ ਪਿਛੋਕੜ ਹੈ। ਜੋਬਨ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਕਾਨੂੰਨ (ਯੂਏਪੀਏ), ਇਰਾਦਾ ਕਤਲ , ਆਰਮਜ਼ ਐਕਟ, ਐਨ.ਡੀ.ਪੀ.ਐਸ. ਐਕਟ ਅਤੇ ਆਈ.ਟੀ. ਐਕਟ ਦੇ ਅਪਰਾਧਾਂ ਵਿੱਚ ਲੋੜੀਂਦਾ ਸੀ ਅਤੇ ਲੰਬੇ ਸਮੇਂ ਤੋਂ ਭਗੌੜਾ ਸੀ। ਜਦੋਂਕਿ ਦੂਜਾ ਮੁਲਜ਼ਮ ਬਿੱਕਾ ਵੀ ਇਰਾਦਾ ਕਤਲ ਨਾਲ ਸਬੰਧਤ ਦੋ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਸੀ।

ਡੀਜੀਪੀ ਨੇ ਕਿਹਾ, “ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਆਪਣੇ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ ’ਤੇ ਸਰਹੱਦੀ ਸੂਬੇ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਢਾਹ ਲਾਉਣ ਲਈ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਸਨ।”

ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦੇ ਹੋਏ, ਏਜੀਟੀਐਫ ਦੇ ਏ.ਆਈ.ਜੀ. ਸੰਦੀਪ ਗੋਇਲ ਨੇ ਕਿਹਾ ਕਿ ਅਗਲੇਰੀ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫਤਾਰੀਆਂ ਦੀ ਆਸ ਹੈ।

ਇਸ ਸਬੰਧੀ ਥਾਣਾ ਐਸ.ਐਸ.ਓ.ਸੀ. ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀਆਂ ਧਾਰਾਵਾਂ 25 ਅਤੇ 27 ਅਧੀਨ ਮੁਕੱਦਮਾ ਨੰਬਰ 11 ਮਿਤੀ 05-02-2024 ਦਰਜ ਕੀਤਾ ਗਿਆ ਹੈ।

# ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਗ਼ੈਰ-ਕਾਨੂੰਨੀ ਕਲੋਨੀਆਂ ਵਿਰੁੱਧ ਸਖ਼ਤ ਕਦਮ ਚੁੱਕਣ ਲਈ ਆਖਿਆ

## ਪੰਜਾਬ ਵਿਧਾਨ ਸਭਾ ਦੇ ਅਗਲੇ ਸੈਸ਼ਨ ਵਿੱਚ ਲਿਆਂਦਾ ਜਾਵੇਗਾ ਬਿੱਲ

**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚ ਭਵਿੱਖ ਵਿੱਚ ਗ਼ੈਰ ਕਾਨੂੰਨੀ ਕਲੋਨੀਆਂ ਬਣਨ ਤੋਂ ਰੋਕਣ ਲਈ ਗ਼ੈਰ ਕਾਨੂੰਨੀ ਕਲੋਨਾਈਜ਼ਰਾਂ ਵਿਰੁੱਧ ਸਖ਼ਤ ਕਾਰਵਾਈ ਵਾਸਤੇ ਅਧਿਕਾਰੀਆਂ ਨੂੰ ਬਿੱਲ ਦਾ ਖਰੜਾ ਤਿਆਰ ਕਰਨ ਲਈ ਆਖਿਆ।



ਜ਼ਮੀਨ/ਜਾਇਦਾਦ ਦੀ ਰਜਿਸਟਰੇਸ਼ਨ ਲਈ ਐਨ.ਓ.ਸੀ. ਦੀ ਸ਼ਰਤ ਖ਼ਤਮ ਕਰਨ ਦੇ ਸੂਬਾ ਸਰਕਾਰ ਦੇ ਹਾਲੀਆ ਫੈਸਲੇ ਦੇ ਸੰਦਰਭ ਵਿੱਚ ਅੱਜ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਫੈਸਲੇ ਦਾ ਮੰਤਵ ਆਮ ਜਨਤਾ ਨੂੰ ਸਹੂਲਤ ਦੇਣਾ ਹੈ। ਉਨ੍ਹਾਂ ਕਿਹਾ ਕਿ ਗ਼ੈਰ ਕਾਨੂੰਨੀ ਕਲੋਨਾਈਜ਼ਰਾਂ ਦੁਆਲੇ ਸ਼ਿਕੰਜਾ ਕਸਣ ਲਈ ਨਵਾਂ ਕਾਨੂੰਨ ਬਣਾਉਣ ਦੀ ਬੇਹੱਦ ਲੋੜ ਹੈ। ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਪੰਜਾਬ ਵਿਧਾਨ ਸਭਾ ਦੇ ਅਗਲੇ ਸੈਸ਼ਨ ਤੋਂ ਪਹਿਲਾਂ ਨਵੇਂ ਬਿੱਲ ਦਾ ਖਰੜਾ ਤਿਆਰ ਕਰਨ ਲਈ ਆਖਿਆ ਤਾਂ ਕਿ ਵਿਧਾਨ ਸਭਾ ਤੋਂ ਇਸ ਦੀ ਪ੍ਰਵਾਨਗੀ ਲਈ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਗ਼ੈਰ ਕਾਨੂੰਨੀ ਕਲੋਨਾਈਜ਼ਰ ਸਬਜ਼ਬਾਗ਼ ਦਿਖਾ ਕੇ ਲੋਕਾਂ ਨੂੰ ਲੁੱਟਦੇ ਹਨ ਅਤੇ ਆਪਣੀਆਂ ਗ਼ੈਰ ਪ੍ਰਵਾਨਿਤ ਕਲੋਨੀਆਂ ਵੇਚ ਦਿੰਦੇ ਹਨ। \

ਉਨ੍ਹਾਂ ਕਿਹਾ ਕਿ ਠੱਗੇ ਗਏ ਲੋਕ ਇਨ੍ਹਾਂ ਕਲੋਨੀਆਂ ਵਿੱਚ ਬੁਨਿਆਦੀ ਸਹੂਲਤਾਂ ਲਈ ਦਰ-ਦਰ ਦੀਆਂ ਠੋਕਰਾਂ ਖਾਂਦੇ ਰਹਿੰਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਲੋਨਾਈਜ਼ਰ ਗ਼ੈਰ ਕਾਨੂੰਨੀ ਤਰੀਕੇ ਨਾਲ ਪੈਸਾ ਬਣਾ ਲੈਂਦੇ ਹਨ, ਜਦੋਂ ਕਿ ਉਨ੍ਹਾਂ ਦੀਆਂ ਗ਼ਲਤ ਕਾਰਵਾਈਆਂ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿਸੇ ਕੀਮਤ ਉਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਬਿਨਾਂ ਪ੍ਰਵਾਨਗੀ ਲਏ ਪਲਾਟ ਵੇਚ ਰਹੇ ਕਲੋਨਾਈਜ਼ਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਗ਼ੈਰ ਕਾਨੂੰਨੀ ਕਲੋਨੀਆਂ ਬਣਾਉਣ ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਇਸ ਜੁਰਮ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਦਮ ਚੁੱਕੇ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਗ਼ੈਰ ਕਾਨੂੰਨੀ ਕਲੋਨਾਈਜ਼ਰਾਂ ਵਿਰੁੱਧ ਸਖ਼ਤ ਕਾਨੂੰਨ ਲਿਆਂਦਾ ਜਾਵੇਗਾ, ਜੋ ਪੰਜਾਬ ਵਿੱਚ ਕਿਸੇ ਵੀ ਤਰ੍ਹਾਂ ਗ਼ੈਰ ਕਾਨੂੰਨੀ ਕਲੋਨੀ ਬਣਨ ਤੋਂ ਰੋਕਣ ਦਾ ਕੰਮ ਕਰੇਗਾ।

# ‘ਆਪ ਦੀ ਸਰਕਾਰ ਆਪ ਦੇ ਦੁਆਰ’ ਤਹਿਤ ਦੂਜੇ ਦਿਨ ਵੀ ਜ਼ਿਲ੍ਹੇ ’ਚ ਲੱਗੇ 24 ਵਿਸ਼ੇਸ਼ ਕੈਂਪ

## ➢ ਏ.ਡੀ.ਸੀ. (ਦਿਹਾਤੀ ਵਿਕਾਸ) ਡਾ. ਬੇਦੀ ਨੇ ਨਲਾਸ ਵਿਖੇ ਵਿਸ਼ੇਸ਼ ਕੈਂਪ ਦਾ ਜਾਇਜ਼ਾ ਲਿਆ ➢ ਪੰਜਾਬ ਸਰਕਾਰ ਵੱਲੋਂ ਭੇਜੀਆਂ ਪ੍ਰਚਾਰ ਵੈਨਾਂ ਰਹੀਆਂ ਖਿੱਚ ਦਾ ਕੇਂਦਰ



ਵਧੀਕ ਡਿਪਟੀ ਕਮਿਸ਼ਨਰ ਦਿਹਾਤੀ ਵਿਕਾਸ ਡਾ. ਹਰਜਿੰਦਰ ਸਿੰਘ ਬੇਦੀ ਪਿੰਡ ਨਲਾਸ ਵਿਖੇ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਲਗਾਏ ਕੈਂਪ ਦਾ ਜਾਇਜ਼ਾ ਲੈਂਦੇ ਹੋਏ।

**ਪਟਿਆਲਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੇ ਗਏ ਨਿਵੇਕਲੇ ਉਪਰਾਲੇ ‘ਆਪ ਦੀ ਸਰਕਾਰ ਆਪ ਦੇ ਦੁਆਰ’ ਤਹਿਤ ਲਗਾਏ ਜਾ ਰਹੇ ਵਿਸ਼ੇਸ਼ ਕੈਂਪ ਅੱਜ ਦੂਜੇ ਦਿਨ ਵੀ ਜ਼ਿਲ੍ਹੇ ਵਿੱਚ 24 ਕੈਂਪ ਲਗਾਏ ਗਏ। ਇਸ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਲੋਕਾਂ ਨੂੰ ਜਿੱਥੇ ਸਬੰਧਤ ਸੇਵਾਵਾਂ ਪ੍ਰਦਾਨ ਕੀਤੀਆਂ ਉਥੇ ਹੀ ਲੋਕਾਂ ਦੀਆਂ ਸਮੱਸਿਆਵਾਂ ਦਾ ਵੀ ਨਿਪਟਾਰਾ ਕੀਤਾ ਗਿਆ।

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਘਰਾਂ ਦੇ ਨੇੜੇ ਹੀ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਇਹ ਇੱਕ ਨਿਵੇਕਲਾ ਉਪਰਾਲਾ ਹੈ, ਜਿਸ ਲਈ ਲੋਕਾਂ ਨੂੰ ਇਸ ਦਾ ਜ਼ਰੂਰ ਲਾਭ ਲੈਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਪੰਜਾਬ ਸਰਕਾਰ ਵੱਲੋਂ ਭੇਜੀਆਂ ਗਈਆਂ ਪ੍ਰਚਾਰ ਵੈਨਾਂ ਰਾਹੀਂ ਵੀ ਲੋਕਾਂ ਨੂੰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਜਾਗਰੂਕ ਕੀਤਾ ਗਿਆ। ਇਹ ਵੈਨਾਂ ਅੱਜ ਸਾਰੀਆਂ ਸਬ ਡਵੀਜਨਾਂ ਦੇ ਪਿੰਡਾਂ ਵਿੱਚ ਲਗਾਏ ਗਏ ਕੈਂਪਾਂ ਵਿੱਚ ਪੁੱਜੀਆਂ, ਜਿੱਥੇ ਇਹ ਲੋਕਾਂ ਦੀ ਖਿੱਚ ਦਾ ਕੇਂਦਰ ਬਣੀਆਂ ਰਹੀਆਂ।

ਇਸੇ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਦਿਹਾਤੀ ਵਿਕਾਸ ਡਾ. ਹਰਜਿੰਦਰ ਸਿੰਘ ਬੇਦੀ ਨੇ ਰਾਜਪੁਰਾ ਦੇ ਪਿੰਡ ਨਲਾਸ ਕਲਾਂ ਵਿਖੇ ਲਗਾਏ ਗਏ ਕੈਂਪ ਦਾ ਜਾਇਜ਼ਾ ਲਿਆ। ਏ.ਡੀ.ਸੀ. ਡਾ. ਬੇਦੀ ਨੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਭਲਾਈ ਸਕੀਮਾਂ ਤੇ ਪ੍ਰੋਗਰਾਮਾਂ ਬਾਰੇ ਜਾਗਰੂਕ ਕਰਕੇ ਲੋਕਾਂ ਦੀ ਫੀਡਬੈਕ ਵੀ ਹਾਸਲ ਕੀਤੀ।

# ਜੌੜਾਮਾਜਰਾ ਨੇ ਸ਼ਹੀਦ ਫਲਾਇਟ ਲੈਫਟੀਨੈਂਟ ਮੋਹਿਤ ਕੁਮਾਰ ਗਰਗ ਸਕੂਲ ਆਫ਼ ਐਮੀਨੈਂਸ ਸਮਾਣਾ ਦੇ ਵਿਦਿਆਰਥੀਆਂ ਲਈ ਬੱਸ ਕੀਤੀ ਰਵਾਨਾ

**ਸਮਾਣਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਹੈ ਕਿ ਸਿੱਖਿਆ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀ ਮੁਢਲੀ ਤਰਜੀਹ ਹੈ, ਇਸੇ ਲਈ ਅੱਜ ਪੰਜਾਬ ਦੇ ਸਰਕਾਰੀ ਸਕੂਲ ਬਿਹਤਰ ਸਿੱਖਿਆ ਦੇ ਕੇਂਦਰ ਬਣ ਗਏ ਹਨ।

ਕੈਬਨਿਟ ਮੰਤਰੀ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਐਮੀਨੈਂਸ ਸਕੂਲਾਂ ਦੇ ਵਿਦਿਆਰਥੀਆਂ ਲਈ ਬੱਸਾਂ ਚਲਾਉਣ ਦੇ ਕੀਤੇ ਗਏ ਐਲਾਨ ਮੁਤਾਬਕ ਸ਼ਹੀਦ ਫਲਾਇਟ ਲੈਫਟੀਨੈਂਟ ਮੋਹਿਤ ਕੁਮਾਰ ਗਰਗ ਸਕੂਲ ਆਫ਼ ਐਮੀਨੈਂਸ ਸਮਾਣਾ ਦੇ ਵਿਦਿਆਰਥੀਆਂ ਨੂੰ ਸਕੂਲ ਲਿਆਉਣ ਤੇ ਵਾਪਸ ਛੱਡਣ ਲਈ ਚਲਾਈ ਗਈ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰ ਰਹੇ ਸਨ।





ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਸਮਾਣਾ ਦੇ ਸਕੂਲ ਆਫ਼ ਐਮੀਨੈਂਸ ਦੇ ਵਿਦਿਆਰਥੀਆਂ ਲਈ ਬੱਸ ਰਵਾਨਾ ਕਰਦੇ ਹੋਏ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਵੱਡੇ ਪੱਧਰ ’ਤੇ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ’ਚ ‘ਸਕੂਲ ਆਫ ਐਮੀਨੈਂਸ’ ਸਥਾਪਤ ਕੀਤੇ ਤੇ ਪਹਿਲੇ ਸਾਲ ਦੌਰਾਨ ਇਨ੍ਹਾਂ ’ਚ 8358 ਵਿਦਿਆਰਥੀ ਦਾਖਲ ਹੋਏ ਹਨ। ਉਨ੍ਹਾਂ ਕਿਹਾ ਕਿ ਸਕੂਲਾਂ ਦੇ ਬੁਨਿਆਦੀ ਢਾਂਚੇ ਤੇ ਖੇਡਾਂ ਦੀਆਂ ਸਹੂਲਤਾਂ ਦੇ ਵਿਕਾਸ ਲਈ 200 ਕਰੋੜ ਰੁਪਏ ਰੱਖੇ ਗਏ ਹਨ, ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਸਮਾਣਾ ਦੇ ਸ਼ਹੀਦ ਫਲਾਇਟ ਲੈਫਟੀਨੈਂਟ ਮੋਹਿਤ ਕੁਮਾਰ ਗਰਗ ਦੀ ਅਮਿਟ ਯਾਦ ਸਦਾ ਕਾਇਮ ਰਹੇਗੀ ਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸ਼ਹੀਦ ਮੋਹਿਤ ਗਰਗ ਦੀ ਸ਼ਹਾਦਤ ਤੋਂ ਪ੍ਰੇਰਣਾ ਹਾਸਲ ਕਰਨਗੀਆਂ।

ਸਕੂਲ ਦੇ ਪ੍ਰਿੰਸੀਪਲ ਹਰਜੋਤ ਕੌਰ ਨੇ ਦੱਸਿਆ ਕਿ 9ਵੀਂ ਤੇ 11ਵੀਂ ਜਮਾਤ ’ਚ ਦਾਖਲ ਹੋਏ ਵਿਦਿਆਰਥੀਆਂ ਲਈ ਚਲਾਈ ਗਈ ਇਹ ਬੱਸ ਦੋ ਰੂਟਾਂ ’ਤੇ ਜਾਵੇਗੀ ਤੇ ਇਸ ਵਿੱਚ 31 ਵਿਦਿਆਰਥੀ ਆਉਣਗੇ ਤੇ ਜਲਦੀ ਹੀ ਦੋ ਹੋਰ ਬੱਸਾਂ ਵੀ ਚਲਾਉਣ ਦੀ ਤਜਵੀਜ ਹੈ। ਸਮਾਰੋਹ ਮੌਕੇ ਸ਼ਹੀਦ ਦੇ ਪਿਤਾ ਸੁਰਿੰਦਰਪਾਲ ਗਰਗ ਤੇ ਭਰਾ ਅਸ਼ਵਨੀ ਗਰਗ, ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਸੁਰਜੀਤ ਸਿੰਘ ਦਹੀਆ, ਮਦਨ ਮਿੱਤਲ, ਦੀਪਕ ਵਧਵਾ, ਸੁਰਜੀਤ ਸਿੰਘ ਫ਼ੌਜੀ, ਟਰਾਂਸਪੋਰਟ ਦੇ ਇੰਚਾਰਜ ਲੈਕਚਰਾਰ ਕ੍ਰਿਸ਼ਨ ਵੋਹਰਾ, ਸਕੂਲ ਦੇ ਅਧਿਆਪਕ ਤੇ ਵਿਦਿਆਰਥੀ ਮੌਜੂਦ ਸਨ।

# ਮੋਦੀ ਸਰਕਾਰ ਨੇ 10 ਸਾਲਾਂ ’ਚ 70 ਸਾਲਾਂ ਦੀਆਂ ਕਮੀਆਂ ਨੂੰ ਦੂਰ ਕਰਨ ਦਾ ਕੰਮ ਕੀਤਾ : ਸ਼ਾਹ



**ਨਵੀਂ ਦਿੱਲੀ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਗ੍ਰਿਹ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ‘ਸੁਰੱਖਿਆ ਬਾਇਓਂਡ ਟੂਮੋਰੋ: ਫੋਰਜਿੰਗ ਇੰਡੀਆਜ਼ ਰੈਜ਼ੀਲੈਂਟ ਫਿਊਚਰ’ ਵਿਸ਼ੇ ‘ਤੇ ਆਯੋਜਿਤ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਸਪੱਸ਼ਟ ਕੀਤਾ ਕਿ ‘ਪਿਛਲੇ 10 ਸਾਲਾਂ ਵਿੱਚ 70 ਸਾਲਾਂ ਦੀਆਂ ਕਮੀਆਂ ਨੂੰ ਦੂਰ ਕਰਨ ਦਾ ਕੰਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਅੰਦਰੂਨੀ ਸੁਰੱਖਿਆ ਵਿੱਚ ਸੁਧਾਰ ਕੀਤਾ ਹੈ। ਦੇਸ਼ ਵਿੱਚ. ਇੱਕ ਮਜ਼ਬੂਤ ਤੰਤਰ ਬਣਾਉਣ ਵਿੱਚ ਮਹੱਤਵਪੂਰਨ ਸਫਲਤਾ ਹਾਸਲ ਕੀਤੀ ਗਈ ਹੈ।’

ਇਸ ਮੌਕੇ ਸ਼ਾਹ ਨੇ ‘ਓਆਰਐੱਫ ਵਿਦੇਸ਼ ਨੀਤੀ ਸਰਵੇਖਣ’ ਵੀ ਲਾਂਚ ਕੀਤਾ। ਮੋਦੀ ਜੀ ਦੀ ਦੂਰਅੰਦੇਸ਼ੀ ਅਤੇ ਅਮਿਤ ਸ਼ਾਹ ਦੀ ਅੰਤੋਦਿਆ ਰਾਜਨੀਤੀ ਦਾ ਹੀ ਨਤੀਜਾ ਹੈ ਕਿ ਪਿਛਲੇ 10 ਸਾਲਾਂ ਵਿੱਚ ਸਾਲਾਂ ਤੋਂ ਵਾਂਝੇ ਰਹੇ ਕਰੋੜਾਂ ਆਮ ਲੋਕਾਂ ਨੂੰ ਆਜ਼ਾਦੀ ਦੀ ਅਸਲ ਖੁਸ਼ੀ ਮਿਲੀ ਹੈ। ਅੱਜ ਕਰੋੜਾਂ ਗਰੀਬ ਲੋਕਾਂ ਨੂੰ ਮਕਾਨ, ਹਰ ਘਰ ਬਿਜਲੀ, ਹਰ ਘਰ ਟੂਟੀ ਦਾ ਪਾਣੀ, ਟਾਇਲਟ, ਮੁਫਤ ਗੈਸ ਕੁਨੈਕਸ਼ਨ ਦੇ ਨਾਲ-ਨਾਲ 5 ਲੱਖ ਰੁਪਏ ਤੱਕ ਦਾ ਮੁਫਤ ਸਿਹਤ ਬੀਮਾ ਦੇਣ ਦਾ ਕੰਮ ਕੀਤਾ ਜਾ ਰਿਹਾ ਹੈ। ਵਿਕਸਿਤ ਭਾਰਤ ਵੀ ਜਾਰੀ ਹੈ।

# ਐਚਡੀਐਫਸੀ ਬੈਂਕ ਨੇ ਪਹਿਲੇ ਸਸਟੇਨੇਬਲ ਫਾਈਨਾਂਸ ਬਾਂਡ ਇਸ਼ੂ ਰਾਹੀਂ £300 ਮਿਲੀਅਨ ਇਕੱਠੇ ਕੀਤੇ

**ਅੰਮ੍ਰਿਤਸਰ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਐਚਡੀਐਫਸੀ ਬੈਂਕ ਲਿਮਟਿਡ ਨੇ ਘੋਸ਼ਣਾ ਕੀਤੀ ਹੈ ਕਿ ਉਸਨੇ ਆਪਣੇ ਪਹਿਲੇ ਸਸਟੇਨੇਬਲ ਫਾਈਨਾਂਸ ਬਾਂਡ ਇਸ਼ੂ ਰਾਹੀਂ £300 ਮਿਲੀਅਨ ਇਕੱਠੇ ਕੀਤੇ ਹਨ। ਇਹ ਰੈਗੂਲੇਸ਼ਨ ਐਸ ਬਾਂਡਾਂ ਰਾਹੀਂ ਇਕੱਠੇ ਕੀਤੇ £750 ਮਿਲੀਅਨ ਦਾ ਹਿੱਸਾ ਹੈ। ਜਦੋਂ ਕਿ US ਖਜ਼ਾਨੇ ’ਤੇ 95 ਬੇਸਿਸ ਪੁਆਇੰਟਸ ਦੇ ਫੈਲਾਅ ਦੇ ਨਾਲ ਤਿੰਨ ਸਾਲਾਂ ਦੇ ਕਾਰਜਕਾਲ ਲਈ £300 ਮਿਲੀਅਨ ਇਕੱਠੇ ਕੀਤੇ ਗਏ ਹਨ, US ਖਜ਼ਾਨੇ ’ਤੇ 108 ਬੇਸਿਸ ਪੁਆਇੰਟ ਦੇ ਫੈਲਾਅ ਦੇ ਨਾਲ, 5-ਸਾਲ ਦੇ ਕਾਰਜਕਾਲ ਲਈ ਹੋਰ £450 ਮਿਲੀਅਨ ਇਕੱਠੇ ਕੀਤੇ ਗਏ ਹਨ। ਇਹ ਇੱਕ ਭਾਰਤੀ ਜਾਰੀਕਰਤਾ ਦੁਆਰਾ ਤਿੰਨ ਸਾਲਾਂ ਦੇ ਟਿਕਾਊ ਬਾਂਡ ਅਤੇ USD Reg S ਜਾਰੀ ਕਰਨ ਦੇ ਸਮਾਨ ਆਕਾਰ ਦੇ ਪੰਜ ਸਾਲਾਂ ਦੇ ਸੀਨੀਅਰ ਅਸੁਰੱਖਿਅਤ ਬਾਂਡ ਲਈ ਪ੍ਰਾਪਤ ਕੀਤੇ ਗਏ ਸਭ ਤੋਂ ਤੰਗ ਕ੍ਰੈਡਿਟ ਸਪ੍ਰੈਡ ਹਨ। ਸਸਟੇਨੇਬਲ ਫਾਈਨਾਂਸ ਬਾਂਡ ਦੀ ਕਮਾਈ ਨੂੰ ਟਿਕਾਊ ਵਿੱਤ ਦੇ ਅਨੁਸਾਰ ਹਰੇ ਅਤੇ ਸਮਾਜਿਕ ਕਰਜ਼ਿਆਂ ਨੂੰ ਵਿੱਤ ਦੇਣ ਲਈ ਵਰਤਿਆ ਜਾਵੇਗਾ, ਜਦੋਂ ਕਿ ਬਾਕੀ ਦੀ ਕਮਾਈ ਆਮ ਬੈਂਕਿੰਗ ਗਤੀਵਿਧੀਆਂ ਲਈ ਵਿੱਤ ਲਈ ਜਾਵੇਗੀ। ਇਸ ਮੌਕੇ ’ਤੇ ਬੋਲਦੇ ਹੋਏ, ਸ਼੍ਰੀ ਅਰੂਪ ਰਕਸ਼ਿਤ, ਗਰੁੱਪ ਹੈੱਡ, ਖਜ਼ਾਨਾ, 8463 ਬੈਂਕ ਨੇ ਕਿਹਾ, ਸਸਟੇਨੇਬਲ ਫਾਈਨਾਂਸ ਬਾਂਡ ਦੁਆਰਾ ਇਕੱਠੇ ਕੀਤੇ ਗਏ ਫੰਡਾਂ ਨੂੰ ਇਲੈਕਟ੍ਰਿਕ ਵਾਹਨਾਂ, SMEs ਅਤੇ ਕਿਫਾਇਤੀ ਮਕਾਨਾਂ ਨੂੰ ਉਧਾਰ ਦੇਣ ਲਈ ਤਰਜੀਹ ਦਿੱਤੀ ਜਾਵੇਗੀ। ਅਸੀਂ ਬੈਂਕ ਦੇ ਜੋਖਮ ਫਲਸਫੇ ਦੀ ਪਾਲਣਾ ਕਰਦੇ ਹੋਏ ਇੱਕ ਹਰੇ ਅਤੇ ਸਮਾਜਿਕ ਪੋਰਟਫੋਲੀਓ ਬਣਾਉਣ ਲਈ ਵਚਨਬੱਧ ਹਾਂ।” ਬਾਂਡ ਇੰਡੀਆ ਇੰਟਰਨੈਸ਼ਨਲ ਐਕਸਚੇਂਜ (ਇੰਡੀਆ INX) ’ਤੇ ਸੂਚੀਬੱਧ ਕੀਤੇ ਜਾਣਗੇ। ਪੇਪਰ ਨੂੰ ਮੂਡੀਜ਼ ਦੁਆਰਾ BaaC (ਸਥਿਰ) ਅਤੇ S&P ਦੁਆਰਾ 222- (ਸਥਿਰ) ਦਰਜਾ ਦਿੱਤਾ ਗਿਆ ਸੀ। ਬੈਂਕ ਨੇ ਬਾਰਕਲੇਜ਼, ਬੋਫਾ ਸਕਿਓਰਿਟੀਜ਼, ਜੇ.ਪੀ. ਮੋਰਗਨ, MU67 ਅਤੇ ਸਟੈਂਡਰਡ ਚਾਰਟਰਡ ਬੈਂਕ ਨੂੰ ਸੰਯੁਕਤ ਗਲੋਬਲ ਕੋਆਰਡੀਨੇਟਰ ਅਤੇ ਜੁਆਇੰਟ ਲੀਡ ਮੈਨੇਜਰ ਵਜੋਂ ਨਿਯੁਕਤ ਕੀਤਾ ਗਿਆ ਸੀ।

# ਵਿਨੋਦ ਕੁਮਾਰ ਸ਼ੁਕਲ ਅਤੇ ਐਮਟੀ ਵਾਸੂਦੇਵਨ ਨਾਇਰ ਨੂੰ ‘ਆਕਾਸ਼ਦੀਪ’ ਐਵਾਰਡ ਮਿਲਿਆ

**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੇਖਣੀ ਅਤੇ ਜੀਵਨ ਵਿਚ ਸਮੁੱਚੇ ਯੋਗਦਾਨ ਲਈ ਇਸ ਸਾਲ ਅਮਰ ਉਜਾਲਾ ਦਾ ਸਰਵਉੱਚ ਪੁਰਸਕਾਰ ‘ਆਕਾਸ਼ਦੀਪ’ ਹਿੰਦੀ ਦੇ ਪ੍ਰਸਿੱਧ ਲੇਖਕ ਵਿਨੋਦ ਕੁਮਾਰ ਸ਼ੁਕਲਾ ਅਤੇ ਮਲਿਆਲਮ ਦੇ ਪ੍ਰਸਿੱਧ ਲੇਖਕ ਐਮ.ਟੀ. ਵਾਸੂਦੇਵਨ ਨਾਇਰ ਅਤੇ ਹੋਰ ਗੈਰ- ਹਿੰਦੀ ਭਾਸ਼ਾਵਾਂ: ਅਕਾਸ਼ਦੀਪ ਦੇ ਤਹਿਤ, ਕੰਨੜ, ਮਰਾਠੀ, ਬੰਗਾਲੀ ਅਤੇ ਉੜੀਆ ਦੇ ਨਾਲ ਹਿੰਦੀ, ਇਸ ਸਾਲ ਮਲਿਆਲਮ ਨੂੰ ਚੁਣਿਆ ਗਿਆ ਹੈ। ਗੈਰ-ਹਿੰਦੀ ਭਾਰਤੀ ਭਾਸ਼ਾਵਾਂ ਵਿੱਚ ਗਿਰੀਸ਼ ਕਰਨਾਡ, ਭਾਲਚੰਦਰ ਨੇਮਾੜੇ, ਸ਼ੰਖ ਘੋਸ਼ ਅਤੇ ਪ੍ਰਤਿਭਾ ਰਾਏ ਦੇ ਨਾਲ ਹਿੰਦੀ ਵਿੱਚ ਨਾਮਵਰ ਸਿੰਘ, ਗਿਆਨ ਰੰਜਨ, ਵਿਸ਼ਵਨਾਥ ਤ੍ਰਿਪਾਠੀ ਅਤੇ ਸ਼ੇਖਰ ਜੋਸ਼ੀ ਨੂੰ ਅਕਾਸ਼ਦੀਪ ਨਾਲ ਸਨਮਾਨਿਤ ਕੀਤਾ ਗਿਆ ਹੈ।ਅਮਰ ਉਜਾਲਾ ਦੇ ਸਮੂਹ ਸਲਾਹਕਾਰ ਯਸ਼ਵੰਤ ਵਿਆਸ ਅਤੇ ਕੋਆਰਡੀਨੇਟਰ ਸ. ਨੇ ਕਿਹਾ ਕਿ ਭਾਰਤੀ ਭਾਸ਼ਾਵਾਂ ਦੇ ਸਾਂਝੇ ਸੁਪਨੇ ਦੇ ਪਿਛੋਕੜ ਵਿੱਚ ਅਮਰ ਉਜਾਲਾ ਫਾਊਂਡੇਸ਼ਨ ਨੇ 2018 ਵਿੱਚ ਸ਼ਬਦ ਸਨਮਾਨ ਦੀ ਸਥਾਪਨਾ ਕੀਤੀ ਸੀ। ਸਭ ਤੋਂ ਉੱਚਾ ‘ਆਕਾਸ਼ਦੀਪ’ ਸ਼ਿੰਗਾਰ ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਦੇ ਸਾਹਿਤਕਾਰ ਨੂੰ ਭੇਟ ਕੀਤਾ ਜਾਂਦਾ ਹੈ। ਇਸ ਸਜਾਵਟ ਵਿੱਚ 5 ਲੱਖ ਰੁਪਏ ਦੀ ਰਾਸ਼ੀ, ਇੱਕ ਪ੍ਰਸ਼ੰਸਾ ਪੱਤਰ ਅਤੇ ਪ੍ਰਤੀਕ ਵਜੋਂ ਗੰਗਾ ਦੀ ਮੂਰਤੀ ਸ਼ਾਮਲ ਹੈ।ਕੁਮਾਰ ਅੰਬੁਜ ਦੇ ਸੰਗ੍ਰਹਿ ‘ਉਪਸਿਰਲੇਖ’ ਨੂੰ ‘ਇੰਪ੍ਰੈਸ਼ਨ’ ਸ਼੍ਰੇਣੀ ਵਿੱਚ ਕਾਵਿ ਸ਼੍ਰੇਣੀ ਵਿੱਚ ਸਰਵੋਤਮ ਰਚਨਾ ਵਜੋਂ ਚੁਣਿਆ ਗਿਆ ਹੈ। ਗਲਪ ਸ਼੍ਰੇਣੀ ਵਿੱਚ ਮਨੋਜ ਰੂਪੜਾ ਦੇ ਕਹਾਣੀ ਸੰਗ੍ਰਹਿ ‘ਦਹਨ’ ਅਤੇ ਗੈਰ-ਗਲਪ ਸ਼੍ਰੇਣੀ ਵਿੱਚ ਦਲਪਤ ਸਿੰਘ ਰਾਜਪੁਰੋਹਿਤ ਦੀ ਰਚਨਾ ‘ਸੁੰਦਰ ਦੇ ਸੁਪਨੇ’ ਨੂੰ ਸਾਲ ਦੀ ਸਰਵੋਤਮ ਰਚਨਾ ਵਜੋਂ ਸਨਮਾਨਿਤ ਕੀਤਾ ਜਾਵੇਗਾ।



ਚਿਨਮਈ ਤ੍ਰਿਪਾਠੀ ਦੀ ਰਚਨਾ ‘ਆਪਣੀ ਕਹੀ’ ਕਿਸੇ ਵੀ ਲੇਖਕ ਦੀ ਪਹਿਲੀ ਕਿਤਾਬ ਲਈ ‘ਥਾਪ’ ਹੋਵੇਗੀ। ਮਾਲਿਨੀ ਗੌਤਮ ਨੂੰ ‘ਗੁਜਰਾਤੀ ਦਲਿਤ ਕਵਿਤਾ’ ਦੇ ਹਿੰਦੀ ਅਨੁਵਾਦ ਲਈ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਲਈ ਭਾਸ਼ਾਬੰਧੂ ਪੁਰਸਕਾਰ ਦਿੱਤਾ ਜਾਵੇਗਾ। ਇਨ੍ਹਾਂ ਸਨਮਾਨਾਂ ਵਿੱਚ 1 ਲੱਖ ਰੁਪਏ ਦੀ ਰਾਸ਼ੀ, ਪ੍ਰਸ਼ੰਸਾ ਪੱਤਰ ਅਤੇ ਪ੍ਰਤੀਕ ਵਜੋਂ ਗੰਗਾ ਦੀ ਮੂਰਤੀ ਸ਼ਾਮਲ ਹੈ।ਉੱਚ ਪੱਧਰੀ ਜਿਊਰੀ ਵਿੱਚ ਪ੍ਰਸਿੱਧ ਕਵੀ ਨਰੇਸ਼ ਸਕਸੈਨਾ, ਪ੍ਰਸਿੱਧ ਕਹਾਣੀਕਾਰ ਚਿਤਰਾ ਮੁਦਗਲ, ਪ੍ਰਸਿੱਧ ਲੇਖਕ ਸ਼ਾਜੀ ਜ਼ਮਾਨ, ਪ੍ਰਸਿੱਧ ਲੇਖਕ ਅਲੋਕ ਭੱਲਾ ਅਤੇ ਪ੍ਰਸਿੱਧ ਕਵੀ ਅਸ਼ਟਭੁਜਾ ਸ਼ੁਕਲ ਸ਼ਾਮਲ ਹਨ। , ਇਨ੍ਹਾਂ ਰਚਨਾਵਾਂ ਨੂੰ ਸਾਡੇ ਆਪਣੇ ਮਾਪਦੰਡਾਂ ’ਤੇ ਪਰਖਿਆ ਗਿਆ ਹੈ।

# ਗੱਡੀਆਂ ’ਤੇ ਬੱਤੀ ਅਤੇ ਕਾਲੀ ਫਿਲਮ ਲਗਾਉਣ ਸਬੰਧੀ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਵਧੀਕ ਡਾਇਰੈਕਟਰ ਜਨਰਲ ਪੁਲਿਸ, ਟਰੈਫਿਕ, ਪੰਜਾਬ, ਚੰਡੀਗੜ੍ਹ ਤੋਂ ਅਗੇਤੀ ਪ੍ਰਵਾਨਗੀ ਲਏ ਬਿਨਾਂ ਗੱਡੀਆਂ ’ਤੇ ਲਾਲ, ਨੀਲੀ, ਪੀਲੀ ਬੱਤੀ ਅਤੇ ਸ਼ੀਸ਼ਿਆਂ ’ਤੇ ਕਾਲੀ ਫਿਲਮ ਲਗਾਉਣ ’ਤੇ ਪਾਬੰਦੀ ਹੁਕਮ ਜਾਰੀ ਕੀਤੇ ਹਨ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਕਿਸੇ ਵੀ ਦੁਕਾਨਦਾਰ ਵੱਲੋਂ ਜੇਕਰ ਕਾਲੀ ਫਿਲਮ, ਨੀਲੀ ਬੱਤੀ, ਲਾਲ ਬੱਤੀ ਅਤੇ ਅੰਬਰ ਬੱਤੀਆਂ ਵੇਚੀਆਂ ਜਾਂਦੀਆਂ ਹਨ ਅਤੇ ਗੱਡੀ ਦੇ ਸ਼ੀਸ਼ਿਆਂ ’ਤੇ ਕਾਲੀ ਫਿਲਮ ਲਗਾਈ ਜਾਂਦੀ ਹੈ, ਉਸ ਸਬੰਧੀ ਵੀ ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਪਾਬੰਦੀ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ 5 ਅਪ੍ਰੈਲ 2024 ਤੱਕ ਲਾਗੂ ਰਹਿਣਗੇ।

# ਡਾ. ਬਲਜੀਤ ਕੌਰ ਨੇ ਟਰਾਂਸਜੈਂਡਰ ਵਿਅਕਤੀਆਂ ਦੀ ਭਲਾਈ ਲਈ ਨੀਤੀਆ ਉਲੀਕਣ ਸਬੰਧੀ ਕੀਤੀ ਮੀਟਿੰਗ



**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਅਤੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਟਰਾਂਸਜੈਂਡਰ ਵਿਅਕਤੀਆਂ ਦੀ ਭਲਾਈ ਲਈ ਨੀਤੀਆ ਉਲੀਕਣ ਲਈ ਵਿਭਾਗ ਦੇ ਅਧਿਕਾਰੀਆਂ ਨਾਲ ਸਿਵਲ ਸਕੱਤਰੇਤ ਸਥਿਤ ਆਪਣੇ ਦਫ਼ਤਰ ਵਿਖੇ ਮੀਟਿੰਗ ਕੀਤੀ।

ਇਸ ਮੀਟਿੰਗ ਦੌਰਾਨ ਵਿਸ਼ੇਸ਼ ਮੁੱਖ ਸਕੱਤਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਸ੍ਰੀਮਤੀ ਰਾਜੀ ਪੀ.ਸ੍ਰੀਵਾਸਤਵਾ, ਵਧੀਕ ਮੁੱਖ ਸਕੱਤਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਸ੍ਰੀ ਡੀ. ਕੇ ਤਿਵਾੜੀ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਦੇ ਡਾਇਰੈਕਟਰ ਡਾ. ਸ਼ੇਨਾ ਅਗਰਵਾਲ, ਵਿਸ਼ੇਸ਼ ਸਕੱਤਰ ਸ੍ਰੀਮਤੀ ਵਿੰਮੀ ਭੁੱਲਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਡਾਇਰੈਕਟਰ-ਕਮ-ਸੰਯੁਕਤ ਸਕੱਤਰ ਸ. ਰਾਜ ਬਹਾਦਰ ਸਿੰਘ ਅਤੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਦੇ ਡਿਪਟੀ ਡਾਇਰੈਕਟਰ ਸ. ਅਮਰਜੀਤ ਸਿੰਘ ਭੁੱਲਰ ਨਾਲ ਟਰਾਂਸਜੈਂਡਰ ਵਿਅਕਤੀਆਂ ਦੀ ਭਲਾਈ ਲਈ ਨੀਤੀਆ ਉਲੀਕਣ ਸਬੰਧੀ ਵਿਸਥਾਰ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹਨਾਂ ਨੀਤੀਆਂ ਦਾ ਉਦੇਸ਼ ਟਰਾਂਸਜੈਂਡਰ ਵਿਅਕਤੀਆਂ ਲਈ ਆਦਰ, ਸਨਮਾਨ ਅਤੇ ਸਮਰਥਨ ਦਾ ਮਾਹੌਲ ਪੈਦਾ ਕਰਨਾ ਹੈ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਹਨਾਂ ਵਿਅਕਤੀਆਂ ਵਿਰੁੱਧ ਵਿਤਕਰੇ ਨੂੰ ਰੋਕਣ ਸਬੰਧੀ ਅਤੇ ਟਰਾਂਸਜੈਂਡਰ ਭਾਈਚਾਰੇ ਲਈ ਬਰਾਬਰੀ ਵਾਲਾ ਅਤੇ ਸਹਾਇਕ ਮਾਹੌਲ ਸਿਰਜਣ ਆਦਿ ਲਈ ਨੀਤੀਆਂ ਉਲੀਕੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਟਰਾਂਸਜੈਂਡਰ ਵਿਅਕਤੀਆਂ ਦਾ ਜੀਵਨ ਸੁਖਾਲਾ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ।

ਡਾ. ਬਲਜੀਤ ਕੌਰ ਨੇ ਅਧਿਕਾਰੀਆਂ ਨੂੰ ਸਿਹਤ ਵਿਭਾਗ, ਗ੍ਰਿਹ ਵਿਭਾਗ, ਵਿੱਤ ਵਿਭਾਗ ਅਤੇ ਐਨ.ਜੀ.ਓ’ਜ਼ ਨਾਲ ਟਰਾਂਸਜੈਂਡਰ ਵਿਅਕਤੀਆਂ ਦੀ ਭਲਾਈ ਲਈ ਨੀਤੀਆ ਉਲੀਕਣ ਲਈ ਮੀਟਿੰਗ ਕਰਨ ਦੇ ਨਿਰਦੇਸ਼ ਦਿੱਤੇ।

# ਕੈਬਨਿਟ ਮੰਤਰੀ ਹਰਜੋਤ ਬੈਂਸ ਵੱਲੋਂ ‘ਆਪ ਦੀ ਸਰਕਾਰ ਆਪ ਦੇ ਦੁਆਰ’ ਤਹਿਤ ਲਗਾਏ ਵਿਸ਼ੇਸ਼ ਕੈਂਪਾਂ ਦਾ ਦੌਰਾ

**ਸ੍ਰੀ ਕੀਰਤਪੁਰ ਸਾਹਿਬ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਨਾਂ ਕਿਸੇ ਖੱਜਲ-ਖੁਆਰੀ ਤੋਂ ਉਨ੍ਹਾਂ ਦੇ ਘਰਾਂ ਨਜ਼ਦੀਕ ਹੀ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ, ਜਿਸ ਦੇ ਲਈ ਸਰਕਾਰ ਵੱਲੋਂ ‘ਆਪ ਦੀ ਸਰਕਾਰ ਆਪ ਦੇ ਦੁਆਰ’ ਵਰਗਾ ਲੋਕ-ਪੱਖੀ ਉਪਰਾਲਾ ਕੀਤਾ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਭਾਸ਼ਾ ਵਿਭਾਗ ਪੰਜਾਬ ਨੇ ‘ਆਪ ਦੀ ਸਰਕਾਰ ਆਪ ਦੇ ਦੁਆਰ’ ਪਹਿਲਕਦਮੀ ਤਹਿਤ ਪਿੰਡ ਕਕਰਾਲਾ, ਭਰਤਗੜ੍ਹ ਅਤੇ ਮੰਗੂਵਾਲ ਦਿਵਾੜੀ ਵਿੱਚ ਲਗਾਏ ਗਏ ਵਿਸ਼ੇਸ਼ ਕੈਂਪਾਂ ਦਾ ਦੌਰਾ ਕਰਦਿਆਂ ਕੀਤਾ।

ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਦੀ ਇਹ ਪਹਿਲਕਦਮੀ ਲੋਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ ’ਤੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਕਰਨ ਵਿੱਚ ਸਫ਼ਲਤਾ ਦੀ ਨਵੀਂ ਕਹਾਣੀ ਰਚੇਗੀ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਸੂਬੇ ਭਰ ਵਿੱਚ ਕੈਂਪ ਲਾ ਕੇ ਲੋਕਾਂ ਨੂੰ ਸੇਵਾਵਾਂ ਦਾ ਲਾਭ ਪ੍ਰਦਾਨ ਕਰਨ ਲਈ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੇ ਦਰ ਤੱਕ ਪਹੁੰਚ ਕੀਤੀ ਜਾ ਰਹੀ ਹੈ।

ਸ.ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਸ.ਭਗਵੰਤ ਮਾਨ ਦਾ ਇਹ ਉਪਰਾਲਾ ਲੋਕਾਂ ਨੂੰ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਵਿੱਚ ਮੀਲ ਪੱਥਰ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਕੈਂਪਾਂ ਵਿੱਚ ਇਕੋ ਛੱਤ ਥੱਲੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਸੇਵਾਵਾਂ ਦਾ ਲਾਭ ਦੇਣ ਦੇ ਨਾਲ-ਨਾਲ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਵੀ ਕੀਤਾ ਜਾ ਰਿਹਾ ਹੈ, ਜਿਸ ਨਾਲ ਲੋਕਾਂ ਦੇ ਸਮੇਂ ਤੇ ਊਰਜਾ ਦੀ ਬੱਚਤ ਹੋਣ ਨਾਲ ਉਨ੍ਹਾਂ ਨੂੰ ਸਰਕਾਰੀ ਦਫ਼ਤਰਾਂ ਦੇ ਚੱਕਰ ਨਹੀਂ ਮਾਰਨੇ ਪੈਣਗੇ।

ਉਨ੍ਹਾਂ ਮੌਕੇ ’ਤੇ ਮੌਜੂਦ ਲੋਕਾਂ ਨਾਲ ਗੱਲਬਾਤ ਕਰਦਿਆਂ ਕੈਂਪਾਂ ਸਬੰਧੀ ਉਨ੍ਹਾਂ ਪ੍ਰਤੀਕਿਰਿਆ ਵੀ ਹਾਸਲ ਕੀਤੀ। ਉਨ੍ਹਾਂ ਨੇ ਇਸ ਗੱਲ ’ਤੇ ਖੁਸ਼ੀ ਜ਼ਾਹਰ ਕੀਤੀ ਕਿ ਲੋਕਾਂ ਵੱਲੋਂ ਸਰਕਾਰ ਦੇ ਇਸ ਉਪਰਾਲੇ ਨੂੰ ਸਲਾਹੁਣ ਦੇ ਨਾਲ-ਨਾਲ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਨੇ ਦੱਸਿਆ ਕਿ ਮਾਨ ਸਰਕਾਰ ਲੋਕਾਂ ਦੇ ਦੁੱਖ ਸੁੱਖ ਵਿੱਚ ਸਹਾਈ ਹੈ, ਬੀਤੇ ਦਿਨ ਭਰਤਗੜ੍ਹ ਵਿਖੇ ਗੈਸ ਸਿਲੰਡਰ ਹਾਦਸੇ ਵਿੱਚ ਜਾਨ ਗਵਾਉਣ ਵਾਲੇ ਨੌਜਵਾਨ ਦੇ ਪਰਿਵਾਰ ਨੂੰ ਕੈਬਨਿਟ ਮੰਤਰੀ ਨੇ 1 ਲੱਖ ਰੁਪਏ ਰਾਹਤ ਰਾਸ਼ੀ ਵੱਜੋ ਦਿੱਤੇ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਨੇ ਐਲਾਨ ਕੀਤਾ ਕਿ ਮੰਗੂਵਾਲ ਵਿੱਚ 44 ਲੱਖ ਦੀ ਲਾਗਤ ਨਾਲ ਸਕੂਲ ਦੀ ਇਮਾਰਤ ਉਸਾਰੀ ਜਾਵੇਗੀ, ਜਿਸ ਦਾ 11 ਫਰਵਰੀ ਨੂੰ ਨੀਹ ਪੱਥਰ ਰੱਖਿਆ ਜਾਵੇਗਾ, ਜਿਸ ਨਾਲ ਇਸ ਇਲਾਕੇ ਦੇ ਵਿਦਿਆਰਥੀਆ ਨੂੰ ਮਿਆਰੀ ਸਿੱਖਿਆ ਮਿਲੇਗੀ।

ਇਸ ਮੌਕੇ ਰਾਜਪਾਲ ਸੇਖੋ ਐਸ.ਡੀ.ਐਮ, ਅਰਜੁਨ ਗਰੇਵਾਲ ਨਾਇਬ ਤਹਿਸੀਲਦਾਰ, ਚੇਅਰਮੈਨ ਕਮਿੱਕਰ ਸਿੰਘ ਡਾਢੀ, ਜੁਝਾਰ ਸਿੰਘ ਆਸਪੁਰ ਬਲਾਕ ਪ੍ਰਧਾਨ, ਗੁਰਚਰਨ ਸਿੰਘ, ਨਿਰਮਲ ਸਿੰਘ, ਗੁਰਨਾਮ ਸਿੰਘ, ਅਮਨ ਬੇਲੀ, ਸੁਖਜਿੰਦਰ ਸਿੰਘ, ਸੁਖਦੀਪ ਸਿੰਘ ਰਾਣਾ ਸਰਪੰਚ, ਮੋਹਿਤ ਗਿੱਲ, ਸੋਹਣ ਮੁਹੰਮਦ, ਮਨਜੀਤ ਸਿੰਘ ਆਲੋਵਾਲ, ਗੌਤਮ ਪਰਿਹਾਰ, ਦਾਰਾ ਸਿੰਘ, ਕੁਲਦੀਪ ਸਿੰਘ, ਕਮਲਜੀਤ ਸਿੰਘ, ਕਿਰਨਜੀਤ, ਰਾਮਪਾਲ, ਸਤਨਾਮ ਸਿੰਘ, ਮਨੋਜ ਕੁਮਾਰ, ਅਮਨਦੀਪ ਸਿੰਘ, ਸਵਰਨ ਸਿੰਘ, ਬਲਵਿੰਦਰ ਸਿੰਘ, ਜਸਵੰਤ ਸਿੰਘ, ਅਮਰਿੰਦਰ ਸਿੰਘ, ਕਰਨਪ੍ਰੀਤ ਸਿੰਘ, ਪ੍ਰਕਾਸ਼ ਸਿੰਘ, ਸਰਬਜੀਤ ਸਿੰਘ, ਸਤਵਿੰਦਰ ਕੌਰ, ਨਵੀਨ ਕੁਮਾਰ, ਸੁਖਦੀਪ ਸਿੰਘ, ਮਨਜੀਤ ਸਿੰਘ, ਕੁਲਦੀਪ ਸਿੰਘ, ਨਰਿੰਦਰ ਸਿੰਘ, ਸੋਮਨਾਥ, ਨਿਰਮਲ ਸਿੰਘ, ਸਤਨਾਮ ਸਿੰਘ, ਜਤਿੰਦਰ ਸਿੰਘ, ਪ੍ਰਭਜੋਤ ਕੌਰ, ਹੇਮਰਾਜ, ਗੁਰਮੀਤ ਸਿੰਘ, ਬਲਵੀਰ ਸਿੰਘ, ਰਮਨ, ਅਮਨਦੀਪ ਸਿੰਘ, ਅਭਿਸੇਕ ਕੁਮਾਰ ਤੇ ਵੱਡੀ ਗਿਣਤੀ ਵਿਚ ਪਿੰਡ ਵਾਸੀ ਹਾਜ਼ਰ ਸਨ।

# ਪਸ਼ੂਆਂ ਦੇ ਲੰਪੀ ਸਕਿਨ ਤੋਂ ਅਗਾਊਂ ਬਚਾਅ ਲਈ ਸੂਬੇ ’ਚ 25 ਫ਼ਰਵਰੀ ਤੋਂ ਸ਼ੁਰੂ ਕੀਤੀ ਜਾਵੇਗੀ ਟੀਕਾਕਰਨ ਮੁਹਿੰਮ

**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪਸ਼ੂਆਂ ਦੇ ਲੰਪੀ ਸਕਿਨ ਤੋਂ ਅਗਾਊਂ ਬਚਾਅ ਲਈ 25 ਲੱਖ ਤੋਂ ਵੱਧ ਗਊ-ਵੰਸ਼ ਨੂੰ ਟੀਕਾ ਲਗਾਉਣ ਲਈ ਵਿਆਪਕ ਮੁਹਿੰਮ 25 ਫ਼ਰਵਰੀ ਤੋਂ ਸ਼ੁਰੂ ਕੀਤੀ ਜਾਵੇਗੀ।

ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਇੱਥੇ ਪੰਜਾਬ ਭਵਨ ਵਿਖੇ ਵਧੀਕ ਮੁੱਖ ਸਕੱਤਰ ਪਸ਼ੂ ਪਾਲਣ ਸ੍ਰੀ ਵਿਕਾਸ ਪ੍ਰਤਾਪ ਨਾਲ ਵੱਖ-ਵੱਖ ਵਿਭਾਗੀ ਪ੍ਰਾਜੈਕਟਾਂ ਅਤੇ ਕੰਮਕਾਜ ਦੀ ਸਮੀਖਿਆ ਸਬੰਧੀ ਮੀਟਿੰਗ ਦੌਰਾਨ ਦੱਸਿਆ ਕਿ ਇਸ ਬਿਮਾਰੀ ਦੇ ਕਿਸੇ ਵੀ ਸੰਭਾਵਤ ਫੈਲਾਅ ਦੀ ਰੋਕਥਾਮ ਲਈ ਹੁਣ ਤੀਜੀ ਵਾਰ ਗੋਟ ਪੌਕਸ ਵੈਕਸੀਨ ਨੂੰ ਬੂਸਟਰ ਡੋਜ਼ ਵਜੋਂ ਲਗਾਇਆ ਜਾ ਰਿਹਾ ਹੈ। ਦੱਸ ਦੇਈਏ ਕਿ ਪਿਛਲੇ ਸਾਲ ਦੇਸ਼ ਭਰ ਵਿੱਚ ਬਿਮਾਰੀ ਦੇ ਫੈਲਾਅ ਤੋਂ ਬਾਅਦ ਸੂਬੇ ਵਿੱਚ ਇਸ ਬੀਮਾਰੀ ਦੀ ਰੋਕਥਾਮ ਲਈ ਪਸ਼ੂਆਂ ਲਈ ਟੀਕਾਕਰਨ ਮੁਹਿੰਮ ਚਲਾਈ ਗਈ ਸੀ। ਉਨ੍ਹਾਂ ਅਧਿਕਾਰੀਆਂ ਨੂੰ ਟੀਕਾਕਰਨ ਲਈ ਦਵਾਈ ਦੀ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣ ਤੋਂ ਇਲਾਵਾ ਕੋਲਡ ਚੇਨ ਕਾਇਮ ਰੱਖਣ ਲਈ ਵੀ ਕਿਹਾ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਇੱਕ ਫੂਲਪਰੂਫ ਵਿਧੀ ਬਣਾਉਣ ਦੀ ਲੋੜ ’ਤੇ ਜ਼ੋਰ ਦਿੰਦਿਆਂ ਵਿਭਾਗ ਦੇ ਅਧਿਕਾਰੀਆਂ ਨੂੰ ਮਹੀਨੇ ਦੇ ਅੰਦਰ ਅੰਦਰ ਵਿਆਪਕ ਟੀਕਾਕਰਨ ਕਾਰਜ ਯੋਜਨਾ ਤਿਆਰ ਕਰਨ ਦੀ ਹਦਾਇਤ ਵੀ ਕੀਤੀ। ਉਨ੍ਹਾਂ ਵਿਭਾਗ ਦੇ ਫੀਲਡ ਸਟਾਫ਼ ਨੂੰ ਵੀ ਹਦਾਇਤ ਕੀਤੀ ਕਿ ਉਹ ਪਸ਼ੂ ਪਾਲਕਾਂ ਨੂੰ ਵੱਖ-ਵੱਖ ਟੀਕਾਕਰਨ ਮੁਹਿੰਮਾਂ ਦੇ ਲਾਭਾਂ ਬਾਰੇ ਜਾਗਰੂਕ ਕਰਨ ਅਤੇ ਇਸ ਕਾਰਜ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਚਾਇਤਾਂ ਨੂੰ ਸ਼ਾਮਲ ਕੀਤਾ ਜਾਵੇ ਤਾਂ ਜੋ ਪਸ਼ੂਆਂ ਨੂੰ ਵੱਖ-ਵੱਖ ਬਿਮਾਰੀਆਂ ਤੋਂ ਬਚਾਇਆ ਜਾ ਸਕੇ।

ਏ.ਸੀ.ਐਸ. ਸ੍ਰੀ ਵਿਕਾਸ ਪ੍ਰਤਾਪ ਨੇ ਕੈਬਨਿਟ ਮੰਤਰੀ ਨੂੰ ਦੱਸਿਆ ਕਿ ਸੂਬੇ ਭਰ ਵਿੱਚ ਲਗਭਗ 6.37 ਕਰੋੜ ਰੁਪਏ ਦੀ ਲਾਗਤ ਨਾਲ ਡੀਵਾਰਮਿੰਗ ਮੁਹਿੰਮ ਚਲਾਈ ਜਾ ਰਹੀ ਹੈ।

ਇਹ ਮੁਹਿੰਮ 10 ਫ਼ਰਵਰੀ ਨੂੰ ਖ਼ਤਮ ਹੋਵੇਗੀ। ਇਸ ਤੋਂ ਇਲਾਵਾ ਸੂਬੇ ਦੇ ਵੈਟਰਨਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਨੂੰ 1.56 ਕਰੋੜ ਰੁਪਏ ਦੀਆਂ ਦਵਾਈਆਂ ਪਹਿਲਾਂ ਹੀ ਭੇਜੀਆਂ ਜਾ ਚੁੱਕੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਵਿਭਾਗ ਨੇ ਹਾਲ ਹੀ ਵਿੱਚ ਮੂੰਹਖੁਰ ਦੀ ਬਿਮਾਰੀ ਦੀ ਰੋਕਥਾਮ ਲਈ ਵਿਆਪਕ ਟੀਕਾਕਰਨ ਮੁਹਿੰਮ ਮੁਕੰਮਲ ਕੀਤੀ ਹੈ।

ਇਸ ਮੀਟਿੰਗ ਵਿੱਚ ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਗੁਰਸ਼ਰਨਜੀਤ ਸਿੰਘ ਬੇਦੀ, ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਦੇ ਡਾਇਰੈਕਟਰ ਆਫ਼ ਕਲੀਨਿਕਸ ਡਾ. ਐੱਸ.ਐੱਸ. ਰੰਧਾਵਾ, ਐਚ.ਓ.ਡੀ. ਵੈਟਰਨਰੀ ਮੈਡੀਸਨ ਡਾ. ਅਸ਼ਵਨੀ ਕੁਮਾਰ, ਪਸ਼ੂ ਰੋਗ ਖੋਜ ਕੇਂਦਰ ਦੇ ਪ੍ਰਿੰਸੀਪਲ ਸਾਇੰਸਟਿਸਟ ਅਤੇ ਇੰਚਾਰਜ ਡਾ. ਐਮ.ਐਸ. ਬਾਲ, ਪਸ਼ੂ ਰੋਗ ਖੋਜ ਕੇਂਦਰ ਦੇ ਪ੍ਰਿੰਸੀਪਲ ਸਾਇੰਸਟਿਸਟ ਡਾ. ਵਿਸ਼ਾਲ ਮਹਾਜਨ, ਡਾਇਰੈਕਟਰ ਸੈਂਟਰ ਫ਼ਾਰ ਵਨ ਹੈਲਥ ਡਾ. ਜੇ.ਐਸ. ਬੇਦੀ ਅਤੇ ਪਸ਼ੂ ਪਾਲਣ ਵਿਭਾਗ ਦੇ ਜ਼ਿਲ੍ਹਿਆਂ ਵਿੱਚ ਤਾਇਨਾਤ ਅਧਿਕਾਰੀ ਵੀ ਹਾਜ਼ਰ ਸਨ।

# ਦੇਸ਼ ਵਿਚ ਪਹਿਲੀ ਵਾਰ ਹਰਿਆਣਾ ਵਿਚ ਪ੍ਰਬੰਧਿਤ ਹੋਇਆ ਰਾਜ ਪੁਲਿਸ ਸ਼ਿਕਾਇਤ ਅਥਾਰਿਟੀ ਦਾ ਕੌਮੀ ਸਮੇਲਨ

## ਪੁਲਿਸ ਸ਼ਿਕਾਇਤ ਅਥਾਰਿਟੀ 'ਤੇ ਜਨਤਾ ਦਾ ਵੱਧ ਰਿਹਾ ਭਰੋਸਾ, ਅਥਾਰਿਟੀ ਸੰਵੈਧਾਨਿਕ ਮਰਿਅਯਾਦਾਂ ਨੂੰ ਧਿਆਨ ਵਿਚ ਰੱਖਦੇ ਹੋਏ ਮਾਨੂੰਨੀ ਢੰਗ ਨਾਲ ਜਨਤਾ ਨੂੰ ਦਿਵਾਉਣ ਨਿਆਂ : ਮਨੋਹਰ ਲਾਲ




**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਦੀ ਕਾਰਜਪ੍ਰਨਾਲੀ ਅਤੇ ਆਂਚਰਣ ਦੇ ਵਿਰੁੱਧ ਜਨਤਾ ਵੱਲੋਂ ਕੀਤੀ ਜਾਣ ਵਾਲੀ ਸ਼ਿਕਾਇਤਾਂ ਦੇ ਹੱਲ ਤਹਿਤ ਸੂਬਿਆਂ ਵਿਚ ਗਠਨ ਪੁਲਿਸ ਸ਼ਿਕਾਇਤ ਅਥਾਰਿਟੀਆਂ ਦੀ ਕਾਰਜਪ੍ਰਨਾਲੀ ਵਿਚ ਇਕਰੂਪਤਾ ਲਿਆਉਣ ਦੇ ਉਦੇਸ਼ ਨਾਲ ਅੱਜ ਹਰਿਆਣਾ ਪੁਲਿਸ ਸ਼ਿਕਾਇਤ ਅਥਾਰਿਟੀ ਵੱਲੋਂ ਸਾਰੇ ਸੂਬਿਆਂ ਦੀ ਪੁਲਿਸ ਸ਼ਿਕਾਇਤ ਅਥਾਰਿਟੀਆਂ ਦੇ ਕੌਮੀ ਸਮੇਲਨ ਦਾ ਪ੍ਰਬੰਧ ਕੀਤਾ ਗਿਆ। ਇਹ ਸਮੇਲਨ ਦੇਸ਼ ਵਿਚ ਪਹਿਲੀ ਵਾਰ ਪ੍ਰਬੰਧਿਤ ਕੀਤਾ ਗਿਆ ਹੈ, ਜਿਸ ਵਿਚ ਵੱਖ-ਵੱਖ ਬਿੰਦੂਆਂ 'ਤੇ ਵਿਸਤਾਰ ਨਾਲ ਚਰਚਾ ਕੀਤੀ ਗਈ। ਸਮੇਲਨ ਵਿਚ ਮੁੱਖ ਮਹਿਮਾਨ ਵਜੋ ਸ਼ਿਰਕਤ ਕਰਦੇ ਹੋਏ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਅਥਾਰਿਟੀਆਂ ਨੂੰ ਹੋਰ ਮਜਬੂਤ ਕਰਨ, ਜਨਤਾ ਦੀਆਂ ਸ਼ਿਕਾਇਤਾਂ ਦਾ ਤੁਰੰਤ ਹੱਲ ਕਰਨ ਅਤੇ ਪੁਲਿਸ ਦੇ ਨਾਲ ਵੀ ਬਿਹਤਰ ਤਾਲਮੇਲ ਸਥਾਪਿਤ ਕਰਨ 'ਤੇ ਜੋਰ ਦਿੱਤਾ।

ਆਪਣੇ ਸੰਬੋਧਨ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਸੱਤਾ ਵਿਚ ਆਉਣ ਬਾਅਦ ਸ਼ਿਕਾਇਤ ਅਥਾਰਿਟੀ ਨੂੰ ਮਜਬੂਤ ਕਰਨ ਲਈ ਅਨੇਕ ਕਦਮ ਚੁੱਕੇ। ਸਾਡਾ ਟੀਚਾ ਇਹੀ ਸੀ ਕਿ ੧ਨਤਾ ਦੀ ਸ਼ਿਕਾਇਤਾਂ ਦਾ ਹੱਲ ਕਰਨ ਲਈ ਨਿਆਂ ਪੂਰਣ ਰਸਤਾ ਅਪਣਾਇਆ ੧ਾਵੇ। ਉਨ੍ਹਾਂ ਨੇ ਕਿਹਾ ਕਿ ਹੁਣ ਅਸੀਂ ਸੱਤਾ ਸੰਭਾਲੀ ਸੀ, ਤਾਂ ਉਸ ਸਮੇਂ ਜਨਤਾ ਇਹ ਸ਼ਿਕਾਇਤ ਕਰਦੀ ਸੀ ਕਿ ਉਨ੍ਹਾਂ ਦੀ ਐਫਆਈਆਰ ਹੀ ਦਰਜ ਨਹੀਂ ਕੀਤੀ ਜਾਂਦੀ ਹੈ, ਇਸ 'ਤੇ ਐਕਸ਼ਨ ਲੈਂਦੇ ਹੋਏ ਅਸੀਂ ਪੁਲਿਸ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪੁਲਿਸ ਥਾਨਿਆਂ ਵਿਚ ਆਉਣ ਵਾਲੇ ਹਰ ਵਿਅਕਤੀ ਦੀ ਐਫਆਈਆਰ ਜਰੂਰ ਦਰਜ ਕੀਤੀ ਜਾਵੇ। ਇਸ ਦੇ ਬਾਅਦ ਪੁਲਿਸ ਦੇ ਅਧਿਕਾਰ ਖੇਤਰ ਦੀ ਸਮਸਿਆ ਨੂੰ ਵੀ ਖਤਮ ਕਰਦੇ ਹੋਏ ਅਸੀਂ ਜੀਰੋ ਐਫਆਈਆਰ ਦਰਜ ਕਰਨ ਦੇ ਵੀ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਕਿਹਾ ਕਿ ਪਹਿਲੇ ਦਿਨ ਤੋਂ ਹੀ ਸਾਡਾ ਟੀਚਾ ਸੂਬੇ ਵਿਚ ਭ੍ਰਿਸ਼ਟਾਚਾਰ 'ਤੇ ਰੋਕ ਲਗਾਉਣਾ ਹੈ ਅਤੇ ਇਸ ਦੇ ਲਈ ਕਈ ਕਾਰਗਰ ਕਦਮ ਵੀ ਚੁੱਕੇ ਗਏ ਹਨ। ਵਿਵਸਥਾ ਬਦਲਣ ਦੇ ਅਨੇਕ ਕੰਮ ਕਰਦੇ ਹੋਏ ਅਸੀਂ ਸਿਸਟਮ ਵਿਚ ਪਾਰਦਰਸ਼ਿਤਾ ਲੈ ਕੇ ਆਏ ਹਨ। ਪੁਲਿਸ ਸੁਧਾਰ ਦਾ ਜਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਦੀ ਕਾਰਜਪ੍ਰਣਾਲੀ ਨੂੰ ਹੋਰ ਮਜਬੂਤ ਕਰਨ ਲਈ ਅਤੇ ਮਾਲੀ ਮਾਮਲਿਆਂ ਨਾਲ ਨਜਿਠਣ ਤਹਿਤ ਹਰਿਆਣਾ ਰਾਜ ਐਨਫੋਰਸਮੈਂਟ ਬਿਊਰੋ ਦਾ ਗਠਨ ਕੀਤਾ ਹੈ, ਜਿਸ ਦੇ ਤਹਿਤ ਟੈਕਸ ਚੋਰੀ, ਬਿਜਲੀ ਚੋਰੀ, ਖਨਨ ਚੋਰੀ ਜਾਂ ਨਾਿਬ ਪਾਣੀ ਦੀ ਚੋਰੀ ਆਦਿ ਗਤੀਵਿਧੀਆਂ 'ਤੇ ਲਗਾਮ ਲਗਾਈ ਜਾ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ 33 ਮਹਿਲਾ ਥਾਨੇ ਸਥਾਪਿਤ ਕੀਤੇ ਹਨ ਅਤੇ ਪੁਲਿਸ ਵਿਚ ਵੀ ਮਹਿਲਾਵਾਂ ਦੀ ਗਿਣਤੀ ਵਧਾਈ ਹੈ। ਨਾਲ ਹੀ ਸਾਈਬਰ ਕ੍ਰਾਇਮ ਨਾਲ ਨਜਿਠਣ ਲਈ ਵੱਖ ਤੋਂ ਸਾਈਬਰ ਥਾਨੇ ਬਣਾਏ ਹਨ ਅਤੇ ਹਰ ਪੁਲਿਸ ਥਾਨਿਆਂ ਵਿਚ ਸਾਈਬਰ ਡੇਸਕ ਦੀ ਸਥਾਪਨਾ ਕੀਤੀ ਹੈ।

ਉਨ੍ਹਾਂ ਨੇ ਕਿਹਾ ਕਿ ਜਨਤਾ ਦੇ ਮਨ ਵਿਚ ਇਹ ਸ਼ੱਕ ਹੁੰਦਾ ਸੀ ਕਿ ਪੁਲਿਸ ਵੱਲੋਂ ਉਨ੍ਹਾਂ ਦੇ ਨਾਲ ਕੀਤੇ ਜਾਣ ਵਾਲ ਗਲਤ ਵਰਤਾਉ ਦੀ ਸ਼ਿਕਾਇਤ ਉਹ ਕਿੱਥੇ ਦਰਜ ਕਰਵਾਉਣ, ਜਿੱਥੇ ਉਨ੍ਹਾਂ ਨੂੰ ਨਿਆਂ ਮਿਲੇ। ਇਸੀ ਅਵਧਾਰਣਾ ਨਾਲ ਰਾਜ ਪੁਲਿਸ ਸ਼ਿਕਾਇਤ ਅਥਾਰਿਟੀ ਮੌਜੂਦਾ ਵਿਚ ਆਈ। ਹਰਿਆਣਾ ਪੁਲਿਸ ਸ਼ਿਕਾਇਤ ਅਥਾਰਿਟੀ ਵਿਚ ਲਗਭਗ 2 ਹਜਾਰ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਅਤੇ ਅਥਾਰਿਟੀ ਦੀ ਸਿਫਾਰਿਸ਼ਾਂ ਦੇ ਆਧਾਰ 'ਤੇ ਸੂਬਾ ਸਰਕਾਰ ਨੇ ਸਬੰਧਿਤ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ 'ਤੇ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ ਸਸਪੈਂਡ ਕੀਤਾ ਹੈ ਤੇ ਜੁਰਮਾਨਾ ਵੀ ਲਗਾਇਆ ਹੈ। ਇਸ ਲਈ ਅੱਜ ਜਨਤਾ ਵਿਚ ਅਥਾਰਿਟੀ ਦੇ ਪ੍ਰਤੀ ਭਰੋਸਾ ਵਧਿਆ ਹੈ ਕਿ ਉਨ੍ਹਾਂ ਦੀਆਂ ਸ਼ਿਕਾਇਤਾਂ ਦੀ ਸੁਣਵਾਈ ਹੋ ਰਹੀ ਹੈ।

ਸ੍ਰੀ ਮਨੋਹਰ ਲਾਲ ਨੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਧੰਨਵਾਦ ਪ੍ਰਗਟਾਉਂਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨੇ ਸਹੀ ਦ੍ਰਿਸ਼ਟੀਕੋਣ, ਕੌਸ਼ਲ ਅਤੇ ਗਿਆਨ ਦੇ ਨਾਲ, ਭਵਿੱਖ ਦੀਆਂ ਜਰੂਰਤਾਂ ਅਨੁਰੂਪ ਪ੍ਰਸ਼ਾਸ਼ਨਿਕ ਸੇਵਾ ਨੂੰ ਤਿਆਰ ਕਰਨ ਦੀ ਦਿਸ਼ਾ ਵਿਚ ਕਦਮ ਚੁੱਕਦੇ ਹੋਏ ਮਿਸ਼ਨ ਕਰਮਯੋਗੀ ਦੀ ਸ਼ੁਰੂਆਤ ਕੀਤੀ ਹੈ। ਹਰਿਆਣਾ ਵਿਚ ਵੀ ਮਿਸ਼ਨ ਕਰਮਯੋਗੀ ਚਲਾਇਆ ਜਾ ਰਿਹਾ ਹੈ ਅਤੇ ਰਾਜ ਵਿਚ ਲਗਭਗ ਸਾਢੇ 3 ਲੱਖ ਕਰਮਚਾਰੀਆਂ ਨੂੰ ਟ੍ਰੇਨਡ ਕੀਤਾ ਜਾ ਰਿਹਾ ਹੈ ਕਿ ਕਿਸ ਤਰ੍ਹਾ ਜਨਤਾ ਦੀ ਉਮੀਦਾਂ 'ਤੇ ਖਰਾ ਉਤਰ ਸਕਣ। ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸੇਵਾ ਭਾਵ ਨਾਲ ਕੰਮ ਕਰਨ ਦੀ ਜਰੂਰਤ ਹੈ।

ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾ ਦੇ ਸਮੇਲਨ ਦਾ ਪ੍ਰਬੰਧ ਇਕ ਚੰਗਾ ਫੈਸਲਾ ਹੈ, ਤਾਂ ਜੋ ਸਾਰੇ ਸੂਬੇ ਆਪਣੀ-ਆਪਣੀ ਬੇਸਟ ਪ੍ਰੈਕਟਿਸ ਦਾ ਆਦਾਨ-ਪ੍ਰਦਾਨ ਕਰਨ। ਉਨ੍ਹਾਂ ਨੇ ਸਮੇਲਨ ਦੇ ਮੁੱਖ ਵਕਤਾ ਪ੍ਰਕਾਸ਼ ਸਿੰਘ, ਸਾਬਕਾ ਡੀਜੀਪੀ (ਸੇਵਾ ਮੁਕਤ) ਨੂੰ ਧੰਨਵਾਦ ਪ੍ਰਗਟਾਉਂਦੇ ਹੋਏ ਕਿਹਾ ਕਿ ਸ੍ਰੀ ਪ੍ਰਕਾਸ਼ ਸਿੰਘ ਨੇ ਹਮੇਸ਼ਾ ਹੀ ਪੁਲਿਸ ਵਿਚ ਸੁਧਾਰ ਲਿਆਉਣ 'ਤੇ ਜੋਰ ਦਿੱਤਾ ਹੈ ਅਤੇ ਇਸ ਦੇ ਲਈ ਉਹ ਅਣਥੱਕ ਯਤਨ ਕਰ ਰਹੇ ਹਨ।

ਇਸ ਮੌਕੇ 'ਤੇ ਹਰਿਆਣਾ ਪੁਲਿਸ ਸ਼ਿਕਾਇਤ ਅਥਾਰਿਟੀ ਦੀ ਚੇਅਰਮੈਨ ਸ੍ਰੀਮਤੀ ਨਵਰਾਜ ਸੰਧੂ ਨੇ ਅਥਾਰਿਟੀ ਦੇ ਗਠਨ ਅਤੇ ਕੰਮਾਂ 'ਤੇ ਚਾਨਣ ਪਾਉਂਦੇ ਹੋਏ ਕਿਹਾ ਕਿ ਅੱਜ ਦੇ ਇਸ ਸਮੇਲਨ ਵਿਚ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਅਥਾਰਿਟੀਆਂ ਦੇ ਚੇਅਰਮੈਨ ਅਤੇ ਮੈਂਬਰਾਂ ਨੇ ਹਿੱਸਾ ਲਿਆ ਹੈ ਅਤੇ ਪੁਲਿਸ ਅਥਾਰਿਟੀ ਦੀ ਕਾਰਜਪ੍ਰਣਾਲੀ ਨੂੰ ਕਿਸੇ ਤਰ੍ਹਾ ਬਿਹਤਰ ਕੀਤਾ ੧ਾ ਸਕੇ, ਇਸ 'ਤੇ ਵਿਸਤਾਰ ਨਾਲ ਚਰਚਾ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਵੱਲੋਂ ਅਥਾਰਿਟੀ ਨੂੰ ਪੂਰਾ ਸਹਿਯੋਗ ਤੇ ਪ੍ਰੋਤਸਾਹਨ ਦਿੱਤਾ ਗਿਆ ਹੈ, ਜਿਸ ਦੇ ਕਾਰਨ ਹੀ ਅਥਾਰਿਟੀ ਹੋਰ ਸੂਬਿਆਂ ਦੇ ਮੁਕਾਬਲੇ ਬਿਹਤਰ ਕੰਮ ਕਰ ਰਹੀ ਹੈ।

